


The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 241 Website : www.punjabiakhbaar.ca Email: editor@punjabiakhbaar.ca Friday, 5 April 2024

### ਕਨੇਡਾ ਦੀ ਪੀ ਆਰ ਲੈਣ ਵਾਲਿਆਂ ਨੂੰ ਵੱਡਾ ਝਟਕਾ

# ਕਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਫੀਸਾਂ 'ਚ 12% ਦਾ ਵਾਧਾ ਕੀਤਾ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ)ਇੰਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਸਾਰੀਆਂ ਸਥਾਈ ਨਿਵਾਸ ਅਰਜ਼ੀਆਂ ਲਈ ਦੇਸ਼ ਦੀ ਇੰਮੀਗ੍ਰੇਸ਼ਨ ਫੀਸ ਵਿੱਚ ਔਸਤਨ 12 ਪ੍ਰਤੀਸ਼ਤ ਦੇ ਵਾਧੇ ਦਾ ਐਲਾਨ ਕੀਤਾ ਹੈ। ਵਰਨਣਯੋਗ ਹੈ ਕਿ ਫ਼ਿਛ ਹਰ ਦੋ ਸਾਲਾਂ ਬਾਅਦ ਫ਼ੀਸ ਦੀ ਸੋਧ ਕਰਦਾ ਹੈ ਅਤੇ ਆਖਰੀ ਵਾਧਾ ਅਪ੍ਰੈਲ 2022 ਵਿੱਚ ਕੀਤਾ ਗਿਆ ਸੀ ਜਿਹੜਾ ਕਿ ਮਾਮੂਲੀ 3 ਪ੍ਰਤੀਸ਼ਤ ਸੀ। ਅਧਿਕਾਰੀਆਂ ਦੇ ਅਨੁਸਾਰ ਨਵੀਆਂ ਦਰਾਂ ਪਿਛਲੇ ਦੋ ਸਾਲਾਂ (2022 ਅਤੇ 2023) ਦੌਰਾਨ ਸਟੈਟਿਸਟਿਕਸ ਕੈਨੇਡਾ ਦੁਆਰਾ ਜਾਰੀ ਕੀਤੇ ਗਏ ਖਪਤਕਾਰ ਮੁੱਲ ਸੂਚਕਾਂਕ ਵਿੱਚ ਪ੍ਰਤੀਸ਼ਤ ਵਾਧੇ 'ਤੇ ਅਧਾਰਤ ਹਨ। ਨਵੀਆਂ ਦਰਾਂ ਦੇ ਅਨੁਸਾਰ, ਦੇਸ਼ ਵਿੱਚ ਐਕਸਪ੍ਰੈਸ ਐਂਟਰੀ ਦੀ ਮੰਗ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ $950 ਪ੍ਰੋਸੈਸਿੰਗ ਫੀਸ ਤੋਂ ਇਲਾਵਾ ਸਥਾਈ ਨਿਵਾਸ ਫੀਸ ਵੱਜੋਂ $575 ਦਾ ਭੁਗਤਾਨ ਕਰਨਾ ਹੋਵੇਗਾ। ਨਵੀਂ ਕੈਨੇਡਾ ਇਮੀਗ੍ਰੇਸ਼ਨ ਫੀਸ 30 ਅਪ੍ਰੈਲ, 2024 ਤੋਂ ਲਾਗੂ ਹੋਵੇਗੀ।

# ਫੈਡਰਲ ਕਾਰਬਨ ਟੈਕਸ ਲਾਗੂ ਹੋਣ ਉਪਰੰਤ ਰੋਸ ਮੁਜ਼ਾਹਰੇ ਹੋਣ ਲੱਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਹਿਲੀ ਅਪ੍ਰੈਲ ਤੋਂ ਫੈਡਰਲ ਕਾਰਬਨ ਟੈਕਸ ਵਿੱਚ ਵਾਧਾ ਹੋ ਗਿਆ ਹੈ ਜਿਸ ਦੇ ਵਿਰੋਧ ਵਿੱਚ ਵੱਖ ਵੱਖ ਥਾਂਈ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਕੈਲਗਰੀ ਦੇ ਵੈਸਟ ਵੱਲ ਹਾਈਵੇ ਵਨ ਉੱਪਰ ਹੋ ਰਹੇ ਰੋਸ ਮੁਜ਼ਾਰੇ ਕਾਰਨ ਆਵਾਜਾਈ ਵਿੱਚ ਭਾਰੀ ਵਿਘਨ ਪਿਆ। ਕੋਕਰੇਨ ਆਰ ਸੀ ਐਮ ਪੀ ਅਨੁਸਾਰ ਹਾਈਵੇ 22 ਦੇ ਨਜ਼ਦੀਕ ਹਾਈਵੇ ਵਨ ਉਪਰ ਟਰੈਫਿਕ ਜਾਮ ਦੀ ਸਥਿਤੀ ਬਣੀ ਹੋਈ ਸੀ ਆਰਸੀਐਮਪੀ ਵੱਲੋਂ ਆਖਿਆ ਗਿਆ ਕਿ ਉਹਨਾਂ ਵੱਲੋਂ ਆਪਣੀਆਂ ਸਹਾਇਕ ਸੰਸਥਾਵਾਂ ਦੇ ਨਾਲ ਮਿਲ ਕੇ ਯਾਤਰੀਆਂ ਨੂੰ ਪਰੇਸ਼ਾਨੀ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਸੀ। ਵਰਨਣ ਯੋਗ ਹੈ ਕਿ ਇਸ ਤਰ੍ਹਾਂ ਦੇ ਮੁਹਜ਼ਾਰੇ ਪੂਰੇ ਕੈਨੇਡਾ ਵਿੱਚ ਹੋਏ ਹਨ ਕਿਉਂਕਿ ਫੈਡਰਲ ਕਾਰਬਨ ਟੈਕਸ ਪਹਿਲੀ ਅਪ੍ਰੈਲ ਤੋਂ 3।3 ਸੈਂਟ ਤੋਂ ਵੱਧ ਕੇ 17।6 ਸੈਂਟ ਪ੍ਰਤੀ ਲੀਟਰ ਹੋ ਗਿਆ ਹੈ ਜਾਂ ਇਸ ਵਿੱਚ 24 ਫ਼ੀਸਦ ਦਾ ਵਾਧਾ ਹੋਇਆ ਹੈ। ਜੇਕਰ ਅਲਬਰਟਾ ਸੂਬੇ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਸੂਬਾ ਸਰਕਾਰ ਦਾ ਫਿਊਲ ਟੈਕਸ ਵੀ ਲਾਗੂ ਹੋ ਗਿਆ ਹੈ ਜਿਸ ਕਾਰਨ ਅਲਬਰਟਾ ਵਿੱਚ ਗੈਸ ਦੀਆਂ ਕੀਮਤਾਂ 9 ਸੈਂਟ ਤੋਂ ਲੈ ਕੇ 13 ਸੈਂਟ ਪ੍ਰਤੀ ਲੀਟਰ ਤੱਕ ਵਧ ਗਈਆਂ ਹਨ।ਉਧਰ ਵੱਖ ਵੱਖ ਸੂਬਿਆਂ ਦੇ ਪ੍ਰੀਮੀਅਰਾਂ ਵੱਲੋਂ ਕਾਰਬਨ ਟੈਕਸ ਵਿੱਚ ਕੀਤੇ ਗਏ ਵਾਧੇ ਦਾ ਵਿਰੋਧ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਪਿਛਲੇ ਕਈ ਦਿਨਾਂ ਤੋਂ ਵੱਖ ਵੱਖ ਪ੍ਰੀਮੀਅਰਾਂ ਵੱਲੋਂ ਬਿਆਨ ਵੀ ਜਾਰੀ ਕੀਤੇ ਜਾ ਰਹੇ ਹਨ। ਇਸ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਪ੍ਰੀਮੀਅਰਾਂ ਨੂੰ ਸ਼ਿਕਾਇਤਾਂ ਕਰਨ ਦੀ ਥਾਂ ਤੇ ਇਸ ਤੋਂ ਸਿਆਸੀ ਲਾਹਾ ਲੈਣ ਦੀ ਥਾਂ ਤੇ ਗਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਉੱਪਰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

## ਅਦਾਰਾ ਪੰਜਾਬੀ ਅਖਬਾਰ ਵੱਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



































# ਪੋਪ ਚਾਹਲ ਨੇ ਪਹਿਲਾ ਪਾਪੂਲਰ ਪੀਜ਼ਾ ਐਡਮਿੰਟਨ ਵਿੱਚ ਖੋਲਿਆ



















ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) – ਬੀਤੀ 30 ਮਾਰਚ 2024 ਵਾਲੇ ਦਿਨ ਐਡਮਿੰਟਨ ਦੇ ਸਾਊਥ ਵੈਸਟ ਏਰੀਆ ਵਿੱਚ ਵਾਕਰਲੇਕ ਪਲਾਜਾ ਵਿਖੇ ਪਾਪੂਲਰ ਪੀਜਾ ਦੀ ਪਹਿਲੀ ਲੋਕੇਸ਼ਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਐਮ ਐਲ ਏ ਜਸਵੀਰ ਦਿਓਲ,ਐਮ ਐਲ ਏ ਰੌਡ ਲੋਇਲਾ ਤੋਂ ਇਲਾਵਾ ਐਡਮਿੰਟਨ ਸਹਿਰ ਦੀਆਂ ਉੱਘੀਆਂ ਸਖ਼ਸੀਅਤਾਂ ਨੇ ਹਾਜਿਰੀ ਭਰਦਿਆਂ ਪਰਬੰਧਕੀ ਟੀਮ ਦੇ ਆਗੂਆਂ ਸੁਖਵਿੰਦਰ ਚਹਿਲ ਉਰਫ ਪੋਪ ਚਹਿਲ ਮਾਨਸਾ ਵਾਲੇ ਅਤੇ ਹਰਮਨਜੋਤ ਸਿੰਘ ਸਿੱਧੂ ਨੂੰ ਮੁਬਾਰਕਾਂ ਦਿੱਤੀਆਂ । ਪਾਪੂਲਰ ਪੀਜਾ ਮਾਈ ਰੇਡੀਓ 580 ਦੇ ਸਟੂਡਿਓ ਵਾਲੇ ਪਲਾਜੇ ਵਿੱਚ ਹੋਣ ਕਾਰਣ ਸ: ਗੁਰਸਰਨ ਸਿੰਘ ਬੁੱਟਰ ਅਤੇ ਪ੍ਰਭਦੀਪ ਬਰਾੜ ਦੀ ਟੀਮ ਲਗਾਤਾਰ ਤਿੰਨ ਘੰਟੇ ਐਡਮਿੰਟਨ ਵਾਸੀਆਂ ਨੂੰ ਸਿੱਧੇ ਪ੍ਰਸਾਰਣ ਜ਼ਰੀਏ ਸੱਦਾ ਦਿੰਦੀ ਰਹੀ ਜਿਸ ਦੇ ਨਤੀਜੇ ਵੱਜੋਂ ਨਵੇਂ ਖੁੱਲੇ ਪੀਜੇ ਦਾ ਸੁਆਦ ਚੈੱਕ ਕਰਨ ਲਈ ਪਾਪੂਲਰ ਪੀਜ਼ੇ ਦੇ ਪਿਆਰਿਆਂ ਦੀਆਂ ਲਾਈਨਾਂ ਲੱਗੀਆਂ ਰਹੀਆਂ। ਪਰਾਈਮ ਏਸੀਆ ਦੀ ਟੀਮ ਵੱਲੋਂ ਮਨਦੀਪ ਪੁਜਾਰਾ ਦੀ ਅਗਵਾਈ ਹੇਠ ਵਿਸ਼ੇਸ਼ ਕਵਰੇਜ ਲਈ ਪੁੱਜੀ ਹੋਈ ਸੀ। ਕੈਲਗਰੀ ਵਿਖੇ ਪਹਿਲਾਂ ਤੋਂ ਹੀ ਸਥਾਪਿਤ ਪਾਪੂਲਰ ਪੀਜਾ ਦੀ ਇੱਕ ਟੀਮ ਮਨਜਿੰਦਰ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਕਿਚਨ ਵਿੱਚ ਸਹਿਯੋਗ ਕਰਨ ਲਈ ਆਈ ਹੋਈ ਸੀ। ਮੀਡੀਆ ਖੇਤਰ ਤੋਂ ਏਸ਼ੀਅਨ ਟ੍ਰਿਬਿਊਨ ਵਾਲੇ ਯਸ਼ ਸਰਮਾਂ, ਪੰਜਾਬੀ ਅਖ਼ਬਾਰ ਤੋਂ ਪਰਮਿੰਦਰ ਬਲੂਆਣਾ, ਸੁਖਦੇਵ ਧਨੋਆ, ਸੀਨੀਅਰ ਸੋਸਾਇਟੀ ਤੋਂ ਸ: ਜੋਰਾ ਸਿੰਘ ਝੱਜ,ਡਾਕਟਰ ਪ੍ਰਿਥਵੀ ਕਾਲੀਆ,ਉੱਘੇ ਰੇਡੀਓ ਐਂਡ ਟੀਵੀ ਹੋਸਟ ਜਰਨੈਲ ਬਸੋਤਾ ਸਮੇਤ ਲਾਟ ਭਿੰਡਰ ਨੇ ਵੀ ਹਾਜਿਰੀ ਭਰੀ। ਪਾਪੂਲਰ ਪੀਜਾ ਦੀਆਂ ਟੌਰਾਂਟੋ-ਬਰਮਪਟਨ ਏਰੀਆ ਵਿੱਚ 38 ਲੋਕੇਸ਼ਨਾਂ ਹਨ ਅਤੇ ਹੁਣ ਇਹ 39ਵੀ ਲੋਕੇਸ਼ਨ ਐਡਮਿੰਟਨ ਵਿੱਚ ਖੁੱਲੀ ਹੈ। ਜਿਹੜੇ ਲੋਕ ਟੌਰਾਂਟੋ ਤੋਂ ਮੂਵ ਹੋਕੇ ਐਡਮਿੰਟਨ ਆਏ ਹਨ ਉਹ ਹੀ ਜਾਣਦੇ ਹਨ ਕਿ ਪਾਪੂਲਰ ਪੀਜ਼ਾ ਕਿਉਂ ਪਾਪੂਲਰ ਹੈ । ਪਾਪੂਲਰ ਪੀਜੇ ਦੀ ਪਰਬੰਧਕੀ ਟੀਮ ਦਾ ਐਡਮਿੰਟਨ ਅਤੇ ਆਸਪਾਸ ਕਸਬਿਆਂ ਦੇ ਵਾਸੀਆਂ ਨੂੰ ਅਪੀਲ ਹੈ ਕਿ ਤੁਸੀਂ ਵੀ ਇੱਕ ਵਾਰ ਜਰੂਰ ਪਾਪੂਲਰ ਪੀਜੇ ਦੀ ਪਾਪੂਲਰਟੀ ਬਾਰੇ ਜਾਣਨ ਲਈ ਆਪਣੇ ਲੰਚ ਜਾਂ ਡਿਨਰ ਵਿੱਚ ਜਗਾਹ ਦੇਵੋ,ਸਾਡਾ ਦਾਅਵਾ ਹੈ ਕਿ ਪਾਪੂਲਰ ਪੀਜਾ ਜੇ ਇੱਕ ਬਾਰ ਤੁਹਾਡੇ ਖਾਣੇ ਦੀ ਟੇਬਲ ਉੱਪਰ ਆ ਗਿਆ ਤਾਂ ਉਹ ਵਾਪਿਸ ਨਹੀਂ ਜਾਵੇ ਸਗੋਂ ਹਰ ਦੂਜੇ ਤੀਜੇ ਦਿਨ ਤੁਹਾਡੇ ਦਰਾਂ ਉਪਰ ਦਸਤਕ ਦੇਵੇਗਾ।








## ਅਰਪਨ ਲਿਖਾਰੀ ਸਭਾ ਵੱਲੋਂ ਇਕਬਾਲ ਖ਼ਾਨ ਸ਼ਰਧਾਂਜਲੀ ਪ੍ਰੋਗਰਾਮ




**ਮਿਤੀ : 21 ਅਪ੍ਰੈਲ, 2024**
**ਸਮਾਂ: 1 ਵਜੇ ਦਪਹਿਰ**
**ਸਥਾਨ: ਟੈਂਪਲ ਕਮਿਉਨਟੀ ਹਾਲ**
**167 ਟੈਂਪਲ ਗਰੀਨ ਰੋਡ ਨੌਰਥ ਈਸਟ ਕੈਲਗਰੀ**

ਕੈਲਗਰੀ ਦੀਆਂ ਸਾਰੀਆਂ ਸਾਹਿਤਕ ਅਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਮਿਲ਼ ਕੇ ਆਪਣੇ ਵਿਛੜ ਗਏ ਸ਼ਾਇਰ, ਰਾਜਨੀਤਿਕ ਘੁਲਾਟੀਏ ਅਤੇ ਸਮਾਜਿਕ ਬਰਾਈਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਹਰਮਨ ਪਿਆਰੇ ਦੋਸਤ ਇਕਬਾਲ ਖਾਨ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਅਰਪਿਤ ਕਰੀਏ।

**ਜਾਰੀ ਕਰਤਾ, ਅਰਪਨ ਲਿਖਾਰੀ ਸਭਾ ਕੈਲਗਰੀ**

## ਕੈਲਗਰੀ 'ਚ ਨਵੇਂ ਗੁਰਦੁਆਰਾ ਸਾਹਿਬ ਦੀ ਯੋਜਨਾ ਤਿਆਰ

### ਸੰਗਤ ਨੂੰ ਸਹਿਯੋਗ ਦੀ ਬੇਨਤੀ



**Gurdwara Dashmesh Culture Centre Calgary**
**Fund Raising for New Location**
**APRIL 12,13 & 14**

### ਗੁਰਦੁਆਰਾ ਸਾਹਿਬ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਵੱਲੋਂ

ਨਵੇਂ ਬਣ ਰਹੇ ਗੁਰਦੁਆਰਾ ਸਾਹਿਬ ਵਾਸਤੇ 'ਖ਼ਾਲਸਾ ਸਾਜਨਾ ਦਿਵਸ' ਵਿਸਾਖੀ ਮੌਕੇ ਮਾਇਆ ਇਕੱਤਰ ਕੀਤੀ ਜਾ ਰਹੀ ਹੈ। ਪੰਜਾਬੀ ਮੀਡੀਆ ਦੇ ਸਹਿਯੋਗ ਨਾਲ ਨਵੇਂ ਬਣ ਰਹੇ ਗੁਰਦੁਆਰਾ ਸਾਹਿਬ ਵਾਸਤੇ ਫੰਡ ਰੇਜਿੰਗ 12 ,13 ਤੇ 14 ਅਪ੍ਰੈਲ ਨੂੰ ਕੀਤੀ ਜਾ ਰਹੀ ਹੈ। ਕੈਲਗਰੀ ਅੰਦਰ ਪਿਛਲੇ ਸਾਲਾਂ ਵਿੱਚ ਸਿੱਖ ਭਾਈਚਾਰੇ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ ਅਤੇ ਨਵੇਂ ਗੁਰੂ ਘਰ ਦੀ ਬਹੁਤ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।



ਇਸ ਵਾਸਤੇ 'ਕੌਰਨਰਸਟੋਨ' ਖੇਤਰ ਵਿੱਚ ਖਰੀਦੀ ਗਈ 11.5 ਏਕੜ ਜ਼ਮੀਨ ਤੇ ਆਲੀਸ਼ਾਨ ਇਮਾਰਤ ਉਸਾਰੀ ਜਾਵੇਗੀ। ਸੰਗਤਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਵਾਸਤੇ ਵੱਧ ਚੜ ਕੇ ਦਾਨ ਕਰੋ ਜੀ।

ਇਸ ਵਾਸਤੇ ਹੋਰ ਜਾਣਕਾਰੀ ਜਲਦੀ ਹੀ ਸਾਂਝੀ ਕੀਤੀ ਜਾਵੇਗੀ।

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 10 No: 241 Website : www.punjabiakhbaar.ca Emaiĺ: editor@punjabiakhbaar.ca Friday, 5 April 2024

# ਨੈਸ਼ਨਲ ਫੂਡ ਪ੍ਰੋਗਰਾਮ ਉੱਪਰ ਇੱਕ ਬਿਲੀਅਨ ਡਾਲਰ ਖਰਚ ਕੀਤੇ ਜਾਣਗੇ-ਟਰੂਡੋ



ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) 16 ਅਪ੍ਰੈਲ ਨੂੰ ਪੇਸ਼ ਕੀਤੇ ਜਾ ਰਹੇ ਫੈਡਰਲ ਬਜਟ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਅਗਲੇ ਪੰਜ ਸਾਲਾਂ ਦੇ ਦੌਰਾਨ ਨੈਸ਼ਨਲ ਫੂਡ ਪ੍ਰੋਗਰਾਮ ਉੱਪਰ ਇੱਕ ਬਿਲੀਅਨ ਡਾਲਰ ਖਰਚ ਕੀਤੇ ਜਾਣਗੇ। ਟੋਰਾਂਟੋ ਵਿੱਚ ਇਹ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਸ ਨਾਲ ਹੋਰ 4 ਲੱਖ ਬੱਚਿਆਂ ਨੂੰ ਹਰ ਸਾਲ ਭੋਜਨ ਮੁਹਈਆ ਕਰਵਾਇਆ ਜਾਵੇਗਾ।ਇਹ ਐਲਾਨ ਕਰਨ ਮੌਕੇ ਉਹਨਾਂ ਦੇ ਨਾਲ ਵਿੱਤ ਮੰਤਰੀ ਕ੍ਰਿਸ਼ਟੀਆ ਫਰੀਲੈਂਡ ਅਤੇ ਪਰਿਵਾਰਾਂ ਬਾਰੇ ਮੰਤਰੀ ਜੇਨਾ ਸਡਸ ਵੀ ਮੌਜੂਦ ਸਨ। ਵਰਨਣ ਯੋਗ ਹੈ ਕਿ ਜਦੋਂ ਐਜੂਕੇਸ਼ਨ ਫੈਡਰਲ ਸਰਕਾਰ ਦੇ ਅਧੀਨ ਨਹੀਂ ਹੁੰਦੀ ਤਾਂ ਨੈਸ਼ਨਲ ਪ੍ਰੋਗਰਾਮ ਦੇ ਤਹਿਤ ਫੈਡਰਲ ਸਰਕਾਰ ਸੂਬਾਈ ਸਰਕਾਰਾਂ ਦੇ ਟੈਰੇਟਰੀਜ਼ ਨਾਲ ਮਿਲ ਕੇ ਇਸ ਪ੍ਰੋਗਰਾਮ ਨੂੰ ਚਲਾਉਂਦੀ ਹੈ।

# ਪੁਲਿਸ ਨੇ 125 ਕਿੱਲੋ ਕ੍ਰਿਸਟਲ ਮੈੱਥ ਬਰਾਮਦ ਕੀਤੀ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਅੱਪਰ ਔਟਵਾ ਵੈਲੀ ਡਿਟੈਚਮੈਂਟ ਨੇ ਇੱਕ ਵਿਅਕਤੀ ਨੂੰ ਸਾਢੇ 7 ਮਿਲੀਅਨ ਡਾਲਰ ਦੀ ਡਰੱਗ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਇਸ ਸਬੰਧੀ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਉਨਾਂ ਨੂੰ ਹੈਡ ਕਲਾਰਾ ਮਾਰੀਆ ਟਾਊਨਸ਼ਿਪ ਵਿੱਚ ਹਾਈਵੇਅ 17 'ਤੇ ਟ੍ਰੈਫਿਕ ਸਬੰਧੀ ਇੱਕ ਸ਼ਿਕਾਇਤ ਮਿਲੀ ਸੀ ਜਿਸ ਤੋਂ ਬਾਅਦ ਪੁਲਿਸ ਨੇ ਇੱਕ ਗੱਡੀ ਨੂੰ ਰੋਕਿਆ ਅਤੇ ਉਸ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲਿਆ ਗਿਆ। ਜਾਂਚ ਕਰਨ ਉਪਰੰਤ ਪੁਲਿਸ ਨੇ ਸਰਚ ਵਾਰੰਟ ਦੇ ਆਧਾਰ 'ਤੇ ਲਈ ਤਲਾਸ਼ੀ ਦੌਰਾਨ 125 ਕਿੱਲੋ ਕ੍ਰਿਸਟਲ ਮੈਥ ਬਰਾਮਦ ਕੀਤੀ ਹੈ। ਹਾਲਾਂਕਿ ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕਿਸ ਜਗ੍ਹਾ ਤੋਂ ਇਹ ਡਰਗਜ਼ ਬਰਾਮਦ ਕੀਤੀਆਂ ਗਈਆਂ ਹਨ। ਇਸ ਮਾਮਲੇ 'ਚ 54 ਸਾਲਾ ਰੋਬਿਨ ਮੌਲਟਨ ਨਾਮ ਦੇ



ਵਿਅਕਤੀ ਉੱਪਰ ਕਈ ਚਾਰਜਿਜ਼ ਲਗਾਏ ਗਏ ਹਨ।

# ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸਸਕੈਚਵਨ ਸੂਬੇ ਵਿੱਚ ਪੈਂਦੇ ਪਿੰਡ ਨਿਊ ਡੋਰਫ ਦੇ ਇੱਕ ਘਰ ਵਿੱਚੋਂ ਚਾਰ ਜਣਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਸਸਕੈਚਵਨ ਆਰਸੀਐਮਪੀ ਦੇ ਮੇਜਰ ਕਰਾਈਮ ਯੂਨਿਟ ਵੱਲੋਂ ਹੁਣ ਸਸਕੈਚਵਨ ਕਾਰਨਰ ਸਰਵਿਸ ਨਾਲ ਮਿਲਕੇ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ 24 ਮਾਰਚ ਦੀ ਸ਼ਾਮ ਨੂੰ 6 ਵਜੇ ਦੇ ਕਰੀਬ ਮੈਲਵਿਲ ਆਰਸੀਐਮਪੀ ਨੂੰ ਨਿਊ ਡੋਰਫ ਦੇ ਇੱਕ ਘਰ ਵਿੱਚ ਲੋਕਾਂ ਦੀ ਸਲਾਮਤੀ ਦੀ ਜਾਂਚ ਕਰਨ ਲਈ ਆਖਿਆ ਗਿਆ ਸੀ। ਮੌਕੇ ਤੇ ਪਹੁੰਚੀ ਪੁਲਿਸ ਨੂੰ ਚਾਰ ਬਾਲਗਾਂ ਦੀਆਂ ਲਾਸ਼ਾਂ ਮਿਲੀਆਂ ਹਨ। ਜਾਂਚ ਉਪਰੰਤ ਪਤਾ ਲੱਗਾ ਹੈ ਕਿ ਇਹ ਸਾਰੇ ਇੱਕੋ ਪਰਿਵਾਰ ਦੇ ਮੈਂਬਰ ਸਨ ਅਤੇ ਇਹਨਾਂ ਵਿੱਚ ਮਾਤਾ ਪਿਤਾ ਤੇ ਉਹਨਾਂ ਦੇ ਦੋ ਬਾਲਗ ਬੱਚੇ ਸ਼ਾਮਿਲ ਸਨ। ਪੁਲਿਸ ਨੇ ਇਸ ਤੋਂ ਜਿਆਦਾ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪੁਲਿਸ ਨੇ ਇਹ ਵੀ ਆਖਿਆ ਹੈ ਕਿ ਫਿਲਹਾਲ ਆਮ ਲੋਕਾਂ ਨੂੰ ਇਸ ਘਟਨਾ ਤੋਂ ਬਾਅਦ ਕੋਈ ਖਤਰਾ ਨਹੀਂ ਹੈ ਪਰ ਜੇਕਰ ਅਜਿਹਾ ਕੁੱਝ ਹੁੰਦਾ ਹੈ ਤਾਂ ਲੋਕਾਂ ਨੂੰ ਉਸੇ ਵਕਤ ਸੂਚਿਤ ਕਰ ਦਿੱਤਾ ਜਾਵੇਗਾ।

B&CO BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
Immigration Law • Family Law • Real Estate • Corporate Law • Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

HK HENDERSON | NAVACORD
ਟਰਾਂਸਪ੍ਰੋਟੇਸ਼ਨ ਇੰਸੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Lori Gropp lgropp@hkhenderson.ca 306.566.4458
Cherie Shook-Pelletier cshook@hkhenderson.ca 306.584.6995
Russ Collicott rcollicott@hkhenderson.ca 306.924.3671
Leaders in Transportation Insurance, Risk and Advice

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law, Estate Planning, Corporate Commercial & Real Estate, Family Sponsorship, PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E. Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law (Appeals & Judicial Reviews) Inadmissibility, SINP Secondary Reviews, CBSA Detention Reviews, Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL 306 209 1635 homeswithnav@gmail.com
GARY SUMAN 306 620 2362 garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

Sanserwal Law Office
LEGAL & IMMIGRATION SERVICES
• REFUGEE
• BUSINESS VISA
• JUDICIAL REVIEW AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PR CASES
• FAMILY SPONSORSHIP
HARJINDER SINGH SANSERWAL
LL.M., B.A.LL.B.
BARRISTER & SOLICITOR
+1(639)-999-8552(M)
HSS.LAW17@GMAIL.COM
WWW.SANSERWALLAW.CA
1530, ANGUS STREET, REGINA, SASKATCHEWAN

GRACE OVERSEAS
IMMIGRATION SOLUTION LTD.
• SINP- PROGRAMS
• FOREIGN WORKER RECRUITMENT(LMIA)
• PR CASES
• FAMILY SPONSORSHIP
• CITIZENSHIP APPLICATION
• STUDY PERMIT+PGWP
• VISITOR+SUPER VISA
SUKHBIR SIDHU (RCIC) LL.M., B.A.LL.B.
639-999-8552
WWW.GRACECANADA.CA
GRACEIMMISERVICE@GMAIL.COM
#2010, 11TH AVENUE, 7TH FLOOR RBC BUILDING, REGINA,SK

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

DA INDIA CURRY HOUSE
We take food Seriously
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੋ ਹੀ ਮਿਲ ਸਕਦੀ ਹੈ।
I work for YOU, NOT the BANK!
DOMINION LENDING CENTRES
MORTGAGEFIRM.CA
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
TEAM MEMBER OF MORTGAGE ALLIANCE
200 1965 Broad Street, Regina, SK S4P 1Y1

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

# ਹੁਣ ਓਨਟਾਰੀਓ ਵਿੱਚ ਵੀ 17 ਡਾਲਰ 20 ਸੈਂਟ ਪ੍ਰਤੀ ਘੰਟਾ ਉਜਰਤ ਮਿਲੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀ ਡਗ ਫੋਰਡ ਦੀ ਅਗਵਾਈ ਵਾਲੀ ਕੰਜ਼ਰਵਟਿਵ ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਸੂਬੇ ਵਿੱਚ ਮਿਨੀਮਮ ਵੇਜ 17 ਡਾਲਰ 20 ਸੈਂਟ ਪ੍ਰਤੀ ਘੰਟਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਮੌਜੂਦਾ 16 ਡਾਲਰ 55 ਸੈਂਟ ਪ੍ਰਤੀ ਘੰਟੇ ਦੇ ਹਿਸਾਬ ਨਾਲ ਮਿਲਣ ਵਾਲੇ ਵੇਜ ਵਿੱਚ 65 ਸੈਂਟ ਯਾਨੀ 3·9 ਫੀ ਸਦੀ ਦਾ ਵਾਧਾ ਹੋ ਜਾਵੇਗਾ। ਸਰਕਾਰ ਅਨੁਸਾਰ ਜੋ ਵਿਅਕਤੀ ਘੱਟ ਤੋਂ ਘੱਟ ਵੇਜ ਨਾਲ ਹਫਤੇ ਦੇ 40 ਘੰਟੇ ਕੰਮ ਕਰਦਾ ਹੈ ਉਸ ਦੀ ਤਨਖਾਹ ਵਿੱਚ ਸਾਲਾਨਾ 1,355 ਡਾਲਰ ਦਾ ਵਾਧਾ ਹੋਵੇਗਾ। ਇਹ ਵਾਧਾ ਸਰਕਾਰ ਦੇ ਵਰਕਿੰਗ ਫੌਰ ਵਰਕਰਜ਼ ਐਕਟ, 2024 ਦਾ ਹਿੱਸਾ ਹੈ। ਲੇਬਰ ਮੰਤਰੀ ਡੇਵਿਡ ਪਿਚਿਨੀ ਨੇ ਇਹ ਐਲਾਨ ਕਰਦਿਆਂ ਆਖਿਆ ਹੈ ਕਿ ਇਨ੍ਹਾਂ ਭੱਤਿਆਂ ਵਿੱਚ ਸਾਲਾਨਾ ਵਾਧਾ ਛੇ ਮਹੀਨੇ ਪਹਿਲਾਂ ਹੀ ਕਰਕੇ ਅਸੀਂ ਕਾਰੋਬਾਰੀਆਂ ਲਈ ਜਿੱਥੇ ਸਥਿੱਰਤਾ ਵਾਲਾ ਮਾਹੌਲ ਮੁਹੱਈਆ ਕਰਵਾ ਰਹੇ ਹਾਂ ਉੱਥੇ ਹੀ ਮਹਿੰਗਾਈ ਦੇ ਇਸ ਦੌਰ ਵਿੱਚ ਮਿਨੀਮਮ ਵੇਜ ਵਿੱਚ ਵਾਧਾ ਕਰਕੇ ਪਰਿਵਾਰਾਂ ਦੀ ਵੀ ਮੱਦਦ ਕਰ ਰਹੇ ਹਾਂ।

## ਜਿਹਨਾਂ ਦੇ ਖ਼ਸਰੇ ਦੇ ਟੀਕੇ ਨਹੀਂ ਲੱਗੇ ਉਹਨਾਂ ਕਾਰਣ ਖ਼ਸਰੇ ਦੀ ਬਿਮਾਰੀ ਦੇ ਮਾਮਲੇ ਵਧ ਰਹੇ ਹਨ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਕੈਨੇਡਾ ਭਰ ਵਿੱਚ ਮੀਜ਼ਰ ਯਾਨੀ ਖਸਰੇ ਦੇ ਮਾਮਲੇ ਵੱਧਦੇ ਜਾ ਰਹੇ ਹਨ ਇਸ ਸਬੰਧੀ ਮੁੱਖ ਸਿਹਤ ਅਧਿਕਾਰੀ ਡਾਕਟਰ ਟਰੀਸਾ ਟੈਮ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਹੈ ਕਿ ਹੁਣ ਤੱਕ ਕੈਨੇਡਾ ਵਿੱਚ ਖਸਰੇ ਦੇ 40 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ। ਜੋ ਕਿ 2023 ਵਿੱਚ ਸਾਹਮਣੇ ਆਏ ਖਸਰੇ ਦੇ ਮਾਮਲਿਆਂ ਤੋਂ ਲਗਭਗ ਤਿੰਨ ਗੁਣਾ ਜਿਆਦਾ ਹਨ ਮੁੱਖ ਸਿਹਤ ਅਧਿਕਾਰੀ ਨੇ ਆਖਿਆ ਕਿ ਚਿੰਤਾ ਦਾ ਵੱਡਾ ਕਾਰਨ ਇਹ ਹੈ ਕਿ ਬੱਚਿਆਂ ਨੂੰ ਖਸਰੇ ਦੇ ਦੋਵੇਂ ਟੀਕੇ ਨਹੀਂ ਲਗਵਾਏ ਜਾ ਰਹੇ ਉਹਨਾਂ ਆਖਿਆ ਕਿ ਹੁਣ ਤੱਕ ਜਿੰਨੇ ਵੀ ਮਾਮਲੇ ਸਾਹਮਣੇ ਆਏ ਹਨ ਉਹਨਾਂ ਵਿੱਚੋਂ ਜ਼ਿਆਦਾਤਰ ਮਾਮਲੇ ਉਹੀ ਹਨ ਜਿਸ ਵਿੱਚ ਖਸਰੇ ਦੇ ਟੀਕੇ ਨਹੀਂ ਲੱਗੇ ਹਨ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖਸਰੇ ਦੇ ਦੋਵੇਂ ਟੀਕੇ ਲਗਵਾਉਣ ਅਤੇ ਉਨਾਂ ਨੂੰ ਇਸ ਖਤਰੇ ਤੋਂ ਬਚਾਉਣ ਵਿੱਚ ਮਦਦ ਕਰਨ। ਉਨਾਂ ਆਖਿਆ ਕਿ ਕੁਝ ਮਾਮਲਿਆਂ ਵਿੱਚ ਅੰਤਰਰਾਸ਼ਟਰੀ ਯਾਤਰਾ ਕਰਨ ਵਾਲੇ ਲੋਕਾਂ ਵਿੱਚ ਵੀ ਖਸਰੇ ਦੇ ਮਾਮਲੇ ਸਾਹਮਣੇ ਆਏ ਹਨ ਹੁਣ ਤੱਕ ਕੈਨੇਡਾ ਦੇ ਚਾਰ ਸੂਬਿਆਂ ਓਨਟਾਰੀਓ, ਕੁਬੈਕ,ਸਸਕੈਚਵਨ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਖਸਰੇ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ।

## ਹੁਣ ਸੰਯੁਕਤ ਰਾਸਟਰ ਵੀ ਕੇਜਰੀਵਾਲ ਦੀ ਗ੍ਰਿਫਤਾਰੀ ਉੱਪਰ ਬੋਲ ਉਠਿਆ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਅਤੇ ਜਰਮਨੀ ਤੋਂ ਬਾਅਦ ਹੁਣ ਸੰਯੁਕਤ ਰਾਸ਼ਟਰ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਮੁੱਦੇ 'ਤੇ ਬਿਆਨ ਦਿੱਤਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਭਾਰਤ ਵਿੱਚ ਹਰ ਕਿਸੇ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇਗੀ। ਇਹ ਭਾਰਤ ਵਿੱਚ ਚੋਣਾਂ ਦਾ ਸਮਾਂ ਹੈ, ਇਸ ਲਈ ਸਾਰੇ ਨਾਗਰਿਕਾਂ ਨੂੰ ਨਿਰਪੱਖ ਮਾਹੌਲ ਵਿੱਚ ਵੋਟ ਪਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਭਾਰਤ ਨੇ ਕੇਜਰੀਵਾਲ 'ਤੇ ਅਮਰੀਕਾ ਅਤੇ ਜਰਮਨੀ ਦੇ ਬਿਆਨਾਂ 'ਤੇ ਇਤਰਾਜ਼ ਜਤਾਇਆ ਹੈ।

## ਕਿਰਾਏਦਾਰਾਂ ਦੀ ਸੁਰੱਖਿਆ ਵਾਸਤੇ 15 ਮਿਲੀਅਨ ਡਾਲਰ ਦਾ ਫੰਡ ਰੱਖਿਆ ਜਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵੱਲੋਂ ਪੇਸ਼ ਕੀਤੇ ਜਾਣ ਵਾਲੇ ਬਜਟ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਵੈਨਕੂਵਰ ਸਾਊਥ ਵਿਚ ਐਲਾਨ ਕੀਤਾ ਗਿਆ ਹੈ ਕਿ ਸਰਕਾਰ ਵੱਲੋਂ ਕਿਰਾਏਦਾਰਾਂ ਦੇ ਹੱਕਾਂ ਦੀ ਰਾਖੀ ਵਾਸਤੇ ਕੈਨੇਡੀਅਨ ਰੈਂਟਰਜ ਬਿੱਲ ਆਫ ਰਾਈਟਸ ਪੇਸ਼ ਕੀਤਾ ਜਾ ਰਿਹਾ ਹੈ। ਜਿਸ ਨਾਲ ਦੇਸ਼ ਭਰ ਵਿੱਚ ਕਿਰਾਏਦਾਰਾਂ ਵਾਸਤੇ ਕਿਰਾਏ ਦੇ ਐਗਰੀਮੈਂਟ ਵਿੱਚ ਕਿਰਾਏ ਤੇ ਲਏ ਜਾਣ ਵਾਲੇ ਅਪਾਰਟਮੈਂਟ ਦੇ ਮੁੱਲ ਆਦਿ ਦੀ ਪੂਰੀ ਹਿਸਟਰੀ ਸ਼ਾਮਿਲ ਹੋਵੇਗੀ ਜਿਸ ਨਾਲ ਕਿਰਾਏਦਾਰ ਜਾਇਜ਼ ਕਿਰਾਏ ਵਾਸਤੇ ਗੱਲ ਕਰ ਸਕਦੇ ਹਨ ਇਸ ਤੋਂ ਇਲਾਵਾ ਕਿਰਾਇਆਂ ਵਿੱਚ ਬੇਲੋੜੇ ਵਾਧਿਆਂ ਨੂੰ ਰੋਕਣ ਵਾਸਤੇ ਇੱਕ ਨਵਾਂ ਕਾਨੂੰਨੀ ਸਹਾਇਤਾ ਫੰਡ ਵੀ ਲਾਂਚ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਲੈਂਡਲਾਰਡਜ਼ ਜੋ ਕਿਰਾਏਦਾਰਾਂ ਨੂੰ ਜਿਆਦਾ ਤੰਗ ਪਰੇਸ਼ਾਨ ਕਰਦੇ ਹਨ ਉਹਨਾਂ ਤੋਂ ਵੀ ਕਿਰਾਏਦਾਰਾਂ ਦੀ ਸੁਰੱਖਿਆ ਹੋ ਸਕੇ। ਕਿਰਾਏਦਾਰਾਂ ਦੀ ਸੁਰੱਖਿਆ ਵਾਸਤੇ 15 ਮਿਲੀਅਨ ਡਾਲਰ ਦਾ ਫੰਡ ਰੱਖਿਆ ਜਾਵੇਗਾ ਅਤੇ ਜੋ ਕਿਰਾਏਦਾਰ ਸਮੇਂ ਤੇ ਆਪਣੇ ਕਿਰਾਏ ਦਿੰਦੇ ਰਹੇ ਹਨ ਉਹਨਾਂ ਵਾਸਤੇ ਕ੍ਰੈਡਿਟ ਦੀ ਵਿਵਸਥਾ ਵੀ ਕੀਤੀ ਜਾਵੇਗੀ ਜੋ ਉਨ੍ਹਾਂ ਲਈ ਘਰ ਖਰੀਦਣ ਸਮੇਂ ਮੌਰਗੇਜ ਲੈਣ ਵਿੱਚ ਮੱਦਦ ਕਰੇਗੀ।

## ਜੰਗਲੀ ਅੱਗਾਂ ਤੋਂ ਬਚਾਓ ਲਈ ਬੀ ਸੀ ਏਰੀਆ ਵਿੱਚ ਅੱਗ ਬਾਲਣ ਉੱਪਰ ਪਾਬੰਦੀਆਂ ਲੱਗੀਆਂ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ)ਬ੍ਰਿਟਿਸ਼ ਕੋਲੰਬੀਆ ਸੂਬੇ ਅਤੇ ਆਸ ਪਾਸ ਦੇ ਸੂਬਿਆਂ ਵਿੱਚ ਪਿਛਲੇ ਸਾਲਾਂ ਦੌਰਾਨ ਲੱਗੀਆਂ ਭਿਆਨਕ ਜੰਗਲੀ ਅੱਗਾਂ ਨੂੰ ਲੋਕ ਅਜੇ ਭੁੱਲੇ ਨਹੀਂ ਹਨ ਅਤੇ ਇਸ ਵਾਰ ਵੀ ਖੁਸ਼ਕ ਮੌਸਮ ਰਹਿਣ ਕਾਰਨ ਬ੍ਰਿਟਿਸ਼ ਕੋਲੰਬੀਆ ਦੇ ਕਈ ਖੇਤਰਾਂ ਵਿੱਚ ਫਾਇਰ ਬੈਨ ਲਾਗੂ ਕਰ ਦਿੱਤਾ ਗਿਆ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਕੈਰੀਬੂ ਅਤੇ ਪ੍ਰਿੰਸ ਜੋਰਜ ਫਾਇਰ ਸੈਂਟਰਾਂ ਵਿੱਚ ਕੈਂਪ ਫਾਇਰ ਤੋਂ ਵੱਡੀ ਕਿਸੇ ਵੀ ਅੱਗ ਉੱਪਰ ਪਾਬੰਦੀ ਲਗਾ ਦਿੱਤੀ ਗਈ ਹੈ ਇਸ ਤੋਂ ਪਹਿਲਾਂ ਮਾਰਚ ਦੇ ਮੱਧ ਵਿੱਚ ਕੈਟਾਗਰੀ ਦੋ ਤੇ ਤਿੰਨ ਨੰਬਰ ਕੈਟਾਗਰੀ ਦੇ ਫਾਇਰ ਬੈਨ ਦਾ ਐਲਾਨ ਕੀਤਾ ਗਿਆ ਸੀ। ਲਗਾਈਆਂ ਗਈਆਂ ਇਹ ਪਾਬੰਦੀਆਂ ਪ੍ਰਿੰਸ ਜੋਰਜ ਰੀਜਨ ਵਿੱਚ ਨਵੰਬਰ ਤੱਕ ਜਾਰੀ ਰਹਿਣਗੀਆਂ ਜਦੋਂ ਕਿ ਕੈਰਬੂ ਰੀਜਨ ਵਿੱਚ ਇਹ ਪਾਬੰਦੀਆਂ 15 ਅਕਤੂਬਰ ਤੱਕ ਹੋਣਗੀਆਂ। ਇਸ ਤੋਂ ਇਲਾਵਾ ਨੌਰਥ ਵੈਸਟ ਫਾਇਰ ਸੈਂਟਰ ਦੇ ਕਈ ਹਿੱਸਿਆਂ ਵਿੱਚ ਵੀ ਅੱਗ ਲਗਾਉਣ ਸਬੰਧੀ ਪਾਬੰਦੀਆਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਪਾਬੰਦੀਆਂ ਅਨੁਸਾਰ ਕਿਸੇ ਤਰ੍ਹਾਂ ਦੇ ਵੀ ਫਾਇਰ ਵਰਕ ਜਾਂ ਆਤਿਸ਼ਬਾਜ਼ੀ ਉੱਪਰ ਰੋਕ ਹੋਵੇਗੀ। ਬੀਸੀ ਵਾਇਲਡ ਫਾਇਰ ਸਰਵਿਸ ਅਨੁਸਾਰ ਜੇਕਰ ਕੈਂਪ ਫਾਇਰ ਤੋਂ ਵੱਡੀ ਅੱਗ ਲੱਗੀ ਨਜ਼ਰ ਆਈ ਤਾਂ 1150 ਡਾਲਰ ਦੀ ਟਿਕਟ ਦਿੱਤੀ ਜਾਏਗੀ ਅਤੇ ਇਹ ਜੁਰਮਾਨਾ 10 ਹਜ਼ਾਰ ਡਾਲਰ ਤੱਕ ਵੀ ਹੋ ਸਕਦਾ ਹੈ। ਜੇਕਰ ਅਦਾਲਤ ਵਿੱਚ ਅੱਗ ਲਗਾਉਣ ਵਾਲਾ ਵਿਅਕਤੀ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਇੱਕ ਲੱਖ ਡਾਲਰ ਤੱਕ ਦਾ ਜੁਰਮਾਨਾ ਅਤੇ ਇੱਕ ਸਾਲ ਦੀ ਕੈਦ ਹੋ ਸਕਦੀ ਹੈ।
















# ਔਰਤ ਸਿਰਫ ਸ਼ਕਲ ਤੋਂ ਹੀ ਖ਼ੂਬਸੂਰਤ ਨਹੀਂ ਹੁੰਦੀ ਬਲਕਿ ਮਮਤਾ ਦੀ ਮੂਰਤ ਵੀ ਹੁੰਦੀ ਹੈ



ਕੈਲਗਰੀ ( ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵਿਖੇ ਲੰਮੇ ਸਮੇਂ ਤੋਂ ਸਥਾਪਿਤ ਸਾਊਥ ਏਸੀਏਸ਼ਨ ਸਾਊਥ ਏਸ਼ੀਅਨ ਐਸੋਸੀਏਸ਼ਨ ਕੈਲਗਰੀ ਦੇ ਮੈਂਬਰਾਂ ਨੇ 17 ਮਾਰਚ ਦਿਨ ਐਤਵਾਰ ਨੂੰ ਸਾਕਾ ਸੁਸਾਇਟੀ ਦੇ ਦਫਤਰ ਵਿੱਚ ਮਹਿਲਾ ਦਿਵਸ ਚੇਅਰਮੈਨ ਸਰਦਾਰ ਮਹਿੰਦਰ ਸਿੰਘ ਮੁੰਡੀ ਦੀ ਦੇਖਰੇਖ ਅਤੇ ਡਾਇਰੈਕਟਰ ਕੁਲਦੀਪ ਗਿੱਲ ਅਤੇ ਨਿਰਮਲ ਸਿੰਘ ਦੀ ਹਾਜ਼ਰੀ ਵਿੱਚ ਮਨਾਇਆ। ਸਭ ਤੋਂ ਪਹਿਲਾਂ ਮਹਿੰਦਰ ਸਿੰਘ ਮੁੰਡੀ ਦੀ ਧਰਮ ਪਤਨੀ ਲਈ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਜੋ ਕਿ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ। ਸਰਦਾਰ ਮਹਿੰਦਰ ਸਿੰਘ ਜੀ ਨੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ। ਗੁਰਜੀਤ ਕੌਰ ਬਵੇਜਾ ਜੀ ਨੇ ਬਹੁਤ ਪਿਆਰੇ ਲਫਜ਼ਾਂ ਨਾਲ ਔਰਤ ਦੀ ਖੂਬਸੂਰਤੀ ਬਿਆਨ ਕੀਤੀ ਕਿ ਔਰਤ ਸਿਰਫ ਸ਼ਕਲ ਤੋਂ ਹੀ ਖੂਬਸੂਰਤ ਨਹੀਂ ਹੁੰਦੀ ਬਲਕਿ ਮਮਤਾ ਦੀ ਮੂਰਤ ਵੀ ਹੁੰਦੀ ਹੈ। ਸੁਰਿੰਦਰ ਕੌਰ ਬੈਨੀਪਾਲ ਜੀ ਨੇ ਦੱਸਿਆ ਕਿ ਅਕਲ ਭਾਵੇਂ ਕਿੰਨੀ ਵੀ ਤੇਜ਼ ਹੋਵੇ ਕਿਸਮਤ ਤੋਂ ਬਿਨਾਂ ਜਿੱਤ ਨਹੀਂ ਸਕਦੀ। ਸਰਬਜੀਤ ਕੌਰ ਉੱਪਲ ਜੀ ਨੇ ਸ਼ੌਕਾਂ ਬਾਰੇ ਬਿਆਨ ਕੀਤਾ ਕਿ ਸ਼ੌਂਕ ਹੋਣੇ ਚਾਹੀਦੇ ਹਨ, ਮਾੜੇ ਨੂੰ ਗਲ ਲਾਉਣੇ ਦੇ, ਸਮਾਜ ਵਿੱਚ ਯੋਗਦਾਨ ਪਾਉਣ ਦੇ, ਜਿਉਂਦੇ ਜੀ ਰੱਬ ਨੂੰ ਮਨਾਉਣ ਦੇ, ਅਤੇ ਜੀਵਨ ਸਫਲ ਬਣਾਉਣ ਦੇ, ਇਸ ਤਰਾਂ ਬਹੁਤ ਹੀ ਵਧੀਆ ਲਾਈਨਾਂ ਬੋਲੀਆਂ । ਬਲਵਿੰਦਰ ਸਿੰਘ ਬਿਰਦੀ ਜੀ ਨੇ ਉਮਰ ਬਾਰੇ ਬੋਲਿਆ ਕਿ ਆਪਣੇ ਵੀ ਦਿਨ ਨਜ਼ਦੀਕ ਆ ਗਏ ਹਨ। ਇਸੇ ਤਰ੍ਹਾਂ ਹਰਚੰਦ ਸਿੰਘ ਜੀ ਨੇ ਦੱਸਿਆ ਕਿ ਇੱਕ ਦਿਨ ਸਭ ਨੇ ਜੁਦਾ ਹੋ ਜਾਣਾ ਪਰ ਪਤਾ ਨਹੀਂ ਕਹਾਂ ਖੋ ਜਾਏਗੇ। ਸੁਰਿੰਦਰ ਕੌਰ ਸੰਧੂ ਨੇ ਭਗਤ ਸਿੰਘ ਬਾਰੇ ਕਵਿਤਾ ਬੋਲੀ। ਕੁਲਦੀਪ ਕੌਰ ਘਤੌੜਾ ਜੀ ਨੇ ਦੱਸਿਆ ਕਿ ਸੁਸਾਇਟੀ ਦੇ ਸਾਰੇ ਮੈਂਬਰਾਂ ਨੂੰ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਪਹੁੰਚਣਾ ਚਾਹੀਦਾ ਹੈ। ਹਰਜੀਤ ਕੌਰ ਜੋਹਲ ਨੇ ਬੋਲੀਆਂ ਸੁਣਾ ਕੇ ਮਾਹੌਲ ਬਦਲ ਦਿੱਤਾ। ਅਖੀਰ ਵਿੱਚ ਲਲਿਤਾ ਜੀ ਨੇ ਇਮਪਾਵਰਮੈਂਟ ਬਾਰੇ ਦੱਸਿਆ ਕਿ ਆਪਾਂ ਨੂੰ ਪਤਾ ਹੁੰਦਾ ਹੈ ਕਿ ਅਸੀਂ ਆਪ ਦੀ ਪਾਵਰ ਵਰਤ ਸਕਦੇ ਹਾਂ ।ਫੈਸਲੇ ਲੈ ਸਕਦੇ ਹਾਂ ।ਇਸ ਦੇ ਲਈ ਤਿੰਨ ਚੀਜ਼ਾਂ ਜਰੂਰੀ ਹਨ। ਪੜ੍ਹਾਈ ਦੇ ਨਾਲ ਨੌਲੇਜ ਆਉਣੀ। ਫਿਜੀਕਲ ਮਜਬੂਤੀ ਰੱਖੋ। ਤੀਸਰੀ ਇਕਨੋਮਿਕਲ ਪਾਵਰ। ਚੌਥੀ ਪਾਵਰ ਦਿਲੋਂ ਮਜਬੂਤ ਹੋਵੋ, ਵਰਗੀਆਂ ਸਿੱਖਿਆ ਦਾਇਕ ਗੱਲਾਂ ਸੁਣਾਈਆਂ । ਫਰੋਗਰਾਮ ਦੀ ਸਮਾਪਤੀ ਉਪਰੰਤ ਸਭ ਨੇ ਰਲਮਿਲਕੇ ਦੁਪਹਿਰ ਦੇ ਖਾਣੇ ਦਾ ਆਨੰਦ ਵੀ ਮਾਣਿਆ।

# ਟਰੂਡੋ ਵੱਲੋਂ ਕੈਨੇਡਾ ਵਾਸੀਆਂ ਨੂੰ ਅਪ੍ਰੈਲ ਫੂਲ ਦਾ ਤੋਹਫਾ ਕਾਰਬਨ ਟੈਕਸ ਦੇ ਰੂਪ ਵਿੱਚ ਮਿਲਿਆ ਹੈ- ਪੀਅਰੇ ਪੋਲੀਵਰ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਕਾਰਬਨ ਟੈਕਸ ਕਾਰਨ ਵਧੀਆਂ ਗੈਸ ਕੀਮਤਾਂ ਉੱਪਰ ਬ੍ਰਿਟਿਸ਼ ਕੋਲੰਬੀਆ ਵਿੱਚ ਮੌਜੂਦ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਵੱਲੋਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦੇ ਅੱਠ ਸਾਲ ਦੇ ਕਾਰਜਕਾਲ ਉੱਪਰ ਤਿੱਖੇ ਸ਼ਬਦੀ ਹਮਲੇ ਕੀਤੇ ਗਏ। ਪੋਲੀਵਰ ਨੇ ਆਪਣੇ ਪਿੱਛੇ ਲੱਗੇ ਗੈਸ ਦੀਆਂ ਕੀਮਤਾਂ ਦੇ ਸਾਈਨ ਬੋਰਡ ਵਾਲੇ ਇਸ਼ਾਰਾ ਕਰਦਿਆਂ ਆਖਿਆ ਕਿ ਜਸਟਿਨ ਟਰੂਡੋ ਕਾਰਨ ਅੱਜ ਕੈਨੇਡਾ ਵਾਸੀਆਂ ਨੂੰ ਅਪ੍ਰੈਲ ਫੂਲ ਦਾ ਤੋਹਫਾ ਮਿਲਿਆ ਹੈ। ਇਸ ਦੇ ਨਾਲ ਹੀ ਉਹਨਾਂ ਨੇ ਦੇਸ਼ ਭਰ ਵਿੱਚ ਮਹਿੰਗਾਈ ਦੀ ਮਾਰ ਨਾਲ ਜੂਝ ਰਹੇ ਲੋਕਾਂ ਦੀ ਸਥਿੱਤੀ ਦਾ ਵੀ ਕਈ ਉਦਾਹਰਨਾਂ ਦੇ ਕੇ ਵਰਨਣ ਕੀਤਾ, ਜਿਸ ਵਿੱਚ ਉਹਨਾਂ ਦੱਸਿਆ ਕਿ ਕਿਵੇਂ ਇੱਕ ਫੂਡ ਬੈਂਕ ਵਿੱਚ ਲੋਕ ਆਪਸ ਵਿੱਚ ਉਲਝ ਗਏ ਸਨ ਕਿਉਂਕਿ ਫੂਡ ਖਤਮ ਹੋ ਗਿਆ ਸੀ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਦੀ ਸਮਰੱਥਾ ਵੀ ਅਜਿਹੀ ਨਹੀਂ ਰਹੀ ਕਿ ਉਹ ਆਪਣੇ ਨਜ਼ਦੀਕੀਆਂ ਦੀਆਂ ਅੰਤਿਮ ਰਸਮਾਂ ਨਿਭਾ ਸਕਣ ਜਿਸ ਕਾਰਨ ਮ੍ਰਿਤਕ ਦੇਹਾਂ ਰੁਲ ਰਹੀਆਂ ਹਨ।




# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਕੈਲਗਰੀ ਦੀ ਮਹੀਨਾਵਾਰ ਮੀਟਿੰਗ 29 ਮਾਰਚ ਦਿਨ ਸ਼ੁੱਕਰਵਾਰ ਨੂੰ ਮੌਂਟਰੀ ਪਾਰਕ ਹਾਲ ਵਿੱਚ ਹੋਈ, ਜਿਸ ਵਿੱਚ 80-85 ਸੀਨੀਅਰ ਮੈਂਬਰਾਂ ਨੇ ਸ਼ਿਰਕਤ ਕੀਤੀ। ਹਰ ਵਾਰ ਦੀ ਤਰਾਂ ਆਪਣੇ ਦਸ ਸੀਨੀਅਰ ਮੈਂਬਰਾਂ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇਣ ਤੋਂ ਬਾਦ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸਬੰਧ ਵਿੱਚ ਬੁਲਾਏ ਗਏ ਮਹਿਮਾਨ ਬੁਲਾਰਿਆਂ ਡਾ: ਬਲਵਿੰਦਰ ਕੌਰ ਬਰਾੜ, ਗੁਰਚਰਨ ਕੌਰ ਥਿੰਦ ਅਤੇ ਸੁਰਿੰਦਰ ਗੀਤ ਦਾ ਸੁਆਗਤ ਕੀਤਾ ਗਿਆ। ਮੰਚ ਸੰਚਾਲਨ ਦੀ ਜਿੰਮੇਵਾਰੀ ਰੇਮੀ ਸੇਖੋਂ ਨੇ ਬਾਖੂਬੀ ਨਿਭਾਈ। ਅਜੋਕੇ ਸਮਾਜ ਵਿੱਚ ਔਰਤ ਦੇ ਮਹੱਤਵਪੂਰਣ ਰੋਲ ਤੇ ਔਰਤ ਨੂੰ ਦਰਪੇਸ਼ ਔਕੜਾਂ ਤੇ ਡਾ: ਬਲਵਿੰਦਰ ਕੌਰ ਬਰਾੜ ਤੇ ਗੁਰਚਰਨ ਕੌਰ ਥਿੰਦ ਨੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਸੁਰਿੰਦਰ ਗੀਤ ਨੇ ਵੀ ਇਸ ਵਿਸ਼ੇ ਨੂੰ ਸੰਜੀਦਗੀ ਨਾਲ ਛੋਹਿਆ ਤੇ ਆਪਣੀ ਇੱਕ ਗ਼ਜ਼ਲ ਦੇ ਰੂਪ ਵਿੱਚ ਪੇਸ਼ ਕੀਤਾ। ਪੀ ਸੀ ਐਚ ਐਸ ਵੱਲੋਂ ਹਰਮਨ ਬਾਠ ਨੇ ਔਰਤਾਂ ਦੀ ਮਾਨਸਿਕ ਤੰਦਰੁਸਤੀ ਲਈ ਉਹਨਾਂ ਦੀ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ। ਸ਼ਮਿੰਦਰ ਸਿੰਘ ਕੰਮੋਅ ਨੇ " ਕੁੜੀਏ ਕਿਸਮਤ ਪੁੜੀਏ" ਗੀਤ ਗਾਇਆ ਜੋ ਸਭ ਨੇ ਪਸੰਦ ਕੀਤਾ। ਸਮੂਹਿਕ ਤੌਰ ਤੇ ਇਹ ਸਮਾਗਮ ਔਰਤਾਂ ਨੂੰ ਸਮ੍ਰਪਿਤ ਸੀ। ਅਖੀਰ ਵਿੱਚ ਇਸ ਮਹਿਲਾ ਦਿਵਸ ਤੇ ਸਾਰੀਆਂ ਔਰਤਾਂ ਨੂੰ ਤੋਹਫ਼ਿਆਂ ਨਾਲ ਸਨਮਾਨਿਤ ਵੀ ਕੀਤਾ ਗਿਆ।






# ਕੈਲਗਰੀ ਵਿਖੇ ਭਗਤ ਸਿੰਘ ਅਤੇ ਸਾਥੀਆਂ ਨੂੰ ਚੇਤੇ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਨ ਸੀ ਸੀ ਏ ਦੀ ਮੀਟਿੰਗ ਸੁਰਿੰਦਰਜੀਤ ਪਲਾਹਾ, ਪ੍ਰਸ਼ੋਤਮ ਦਾਸ ਬਾਰਦੁਵਾਜ , ਕਰਮ ਸਿੰਘ ਮੁੰਡੀ ਅਤੇ ਉਨ੍ਹਾਂ ਦੀ ਧਰਮ ਪਤਨੀ ਹਰਿੰਦਰ ਕੌਰ ਮੁੰਡੀ ਦੇ ਪ੍ਰਧਾਨਗੀ ਮੰਡਲ ਹੇਠ ਹੋਈ।ਮਹੀਨੇ ਦੇ ਦੂਸਰੇ ਪੰਦਰਵਾੜੇ ਦੀ ਮੀਟਿੰਗ ਭਾਵੇਂ ਇੱਕ ਬਰਥਡੇ ਮੀਟਿੰਗ ਹੋਇਆ ਕਰਦੀ ਹੈ। ਪਰ ਇਸ ਵਾਰੀ ਮਹਾਨ ਦੇਸ਼ ਭਗਤਾਂ ਜਿਨ੍ਹਾਂ ਨੇ ਦੇਸ਼ ਦੀ ਅਜਾਦੀ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ ਇਹ ਮੀਟਿੰਗ ਉਨ੍ਹਾਂ ਸ਼ਹੀਦਾਂ ਨੂੰ ਸਮਰਪਤ ਰਹੀ। ਸ: ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਤੋਂ ਇਲਾਵਾ ਉਹਨਾਂ ਦੇ ਚੌਥੇ ਸਾਥੀ ਯਤਨ ਦਾਸ ਜੋ ਬੰਗਾਲ ਦੇ ਰਹਿਣ ਵਾਲੇ ਸਨ। ਉਨ੍ਹਾਂ ਵਾਰੇ ਬਹੁਤ ਘੱਟ ਜਿਕਰ ਮਿਲਦਾ ਹੈ। ਉਨ੍ਹਾ ਵਾਰੇ ਕੁੱਝ ਜਾਣਕਾਰੀ ਸਾਂਝੀ ਕੀਤੀ। ਆਜਾਦੀ ਦੇ ਇਤਿਹਾਸ ਦੀਆਂ ਮੁੱਖ ਘਟਨਾਵਾਂ ਦਾ ਜਿਕਰ ਸਕੱਤਰ ਸ: ਗੁਰਦਿਆਲ ਸਿੰਘ ਖਹਿਰਾ ਨੇ ਦਿਲ ਦੀਆਂ ਗਹਿਰਾਈਆ ਤੋਂ ਵਰਨਣ ਕੀਤਾ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਮਾਰਚ ਮਹੀਨੇ ਸਨ ਉਨ੍ਹਾਂ ਨੂੰ ਮੰਚ ਤੇ ਐਸੋਸੀਏਸ਼ਨ ਦੇ ਚਿੰਨ੍ਹਾਂ ਨਾਲ ਨਿਵਾਜਿਆ ਗਿਆ । ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਬਹੁਤ ਹੀ ਸਤਿਕਾਰ ਯੋਗ ਸ ਜਲਵੰਤ ਸਿੰਘ ਗਰੇਵਾਲ ਜੋ 21 ਮਾਰਚ 2024 ਨੂੰ ਸਦੀਵੀ ਵਿਛੋੜਾ ਦੇ ਗਏ ਦੀ ਦੁੱਖਭਰੀ ਖਬਰ ਸਾਂਝੀ ਕਰਦਿਆਂ ਪ੍ਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਵੱਲੋਂ ਇੱਕ ਸਾਬਕਾ ਕੌਂਸਲਰ ਹੋਣ ਦੇ ਨਾਤੇ ਸਿਟੀ ਵੱਲੋਂ ਨਿਰਧਾਰਤ ਕੀਤੇ ਜਾਂਦੇ ਪ੍ਰਾਪਰਟੀ ਟੈਕਸ ਨਾਲ ਸਬੰਧਤ ਬਹੁਤ ਹੀ ਲਾਹੇਬੰਦ ਜਾਣਕਾਰੀ ਸਾਂਝੀ ਕੀਤੀ ਜੋ ਕਿ ਹਰ ਇੱਕ ਸਿਟੀ ਦੇ ਮਿਲ ਰੇਟ ਦੇ ਅਧਾਰਤ ਹੋਇਆ ਕਰਦਾ ਹੈ। ਜਿਸ ਵਾਰੇ ਸਾਨੂੰ ਬਹੁਤਿਆਂ ਨੂੰ ਜਾਣਕਾਰੀ ਨਹੀਂ ਸੀ। ਤਰਲੋਕ ਸਿੰਘ ਚੁੱਘ ਨੇ ਮੀਟਿੰਗ ਦਾ ਰੁੱਖ ਹਾਸਿਆਂ ਵੱਲ ਮੋੜਿਆ ਔਰਤ ਨੂੰ ਜੱਗ ਜਨਣੀ ਆਖਕੇ ਮਹਾਨ ਆਖਿਆ । ਜਸਵੀਰ ਸਿੰਘ ਸਿਹੋਤਾ ਨੇ ਦੋ ਰੁਬਾਈਆ ਤੇ ਸੱਭਿਆਚਾਰਕ ਬੋਲੀਆਂ ਨਾਲ ਹਾਜਰੀ ਲਗਵਾਈ। ਵਿਜੇ ਸੱਚਦੇਵਾ ਨੇ ਅਵਤਾਰ ਪਾਸ਼ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਲਿਖਤਾਂ ਵਾਰੇ ਗੱਲ ਕਰਦਿਆਂ ਸ਼ਰਧਾਜਲੀ ਭਰੇ ਸ਼ਬਦ ਕਹੇ। ਜਸਵੰਤ ਕੌਰ ਬਸਰਾ ਨੇ ਔਰਤਾਂ ਵਿੱਚ ਹਾਰਟ ਅਟੈਕ ਬਿਮਾਰੀ ਵਾਰੇ ਦੱਸਦਿਆਂ ਕਿਹਾ ਇਹ ਇੱਕ ਚਿੰਤਾ ਦਾ ਵਿਸ਼ਾ ਹੈ । ਭਜਨ ਸਿੰਘ ਸੱਗੂ ਹੋਰਾਂ ਹਾਸਰਸ ਭਾਸ਼ਾ ਵਿੱਚ ਕੁੜੀ ਮੁੰਡੇ ਦੀ ਸਾਦੀ ਤੋਂ ਪਹਿਲਾਂ ਹੋਣ ਵਾਲੀ ਇੱਕ ਦੂਸਰੇ ਨਾਲ ਆਪਸੀ ਗੱਲਬਾਤ ਨੂੰ ਰੌਚਿਕ ਤਰੀਕੇ ਨਾਲ ਪੇਸ਼ ਕੀਤਾ। ਡਾਕਟਰ ਭਗਤ ਸਿੰਘ ਅਟਵਾਲ ਨੇ ਕੁੱਝ ਸ਼ੇਅਰ ਬੋਲੇ। ਕਰਮ ਸਿੰਘ ਮੁੰਡੀ ਹੋਰਾਂ ਸ਼ਹੀਦੇ ਆਜਮ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹਾਦਤ ਤੇ ਬੋਲਦਿਆਂ ਭਰਾ ਕੁਲਤਾਰ ਸਿੰਘ ਅਤੇ ਭੈਣ ਅਮਰ ਕੌਰ ਨਾਲ ਜੇਲ ਵਿਚ ਹੋਈਆ ਮੁਲਾਕਾਤਾਂ ਦੀ ਗੱਲ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਸ਼ਿੰਦਰ ਕਮੋਹ ਅਤੇ ਸੁਰਜੀਤ ਕਮੋਹ ਦੀ ਜੋੜੀ ਨੇ ਖੂਬਸੂਰਤ ਗੀਤ ਦੋਗਾਣੇ ਦੇ ਰੂਪ ਵਿੱਚ ਪੇਸ਼ ਕੀਤਾ। ਸੁਰਿੰਦਰ ਕੁਮਾਰ ਕਾਲੀਆ ਨੇ ਇੱਕ ਫਿਲਮੀ, ਭਾਵਨਾਤਮਿਕ ਗੀਤ ਖੂਬਸੂਰਤ ਅਵਾਜ ਵਿੱਚ ਗਾ ਕੇ ਵਾਹ ਵਾਹ ਖੱਟੀ । ਡਾ: ਐਸ ਐਲ ਮੱਟੂ ਸਾਹਿਬ 'ਖੁਸ਼ੀ' ਦੇ ਵਿਸ਼ੇ ਤੇ ਬੋਲਦਿਆ ਕਿਹਾ ਕਿ ਹਰ ਕੋਈ ਖੁਸ਼ੀ ਦੀ ਤਲਾਸ਼ ਵਿੱਚ ਹੈ ਖੁਸ਼ੀ ਤੁਹਾਡੇ ਆਪਣੇ ਹੀ ਅੰਦਰ ਦਿਮਾਗ ਵਿੱਚ ਹੈ ਜਿਸ ਦਾ ਸਿੱਧਾ ਸਬੰਧ ਦਿਲ ਤੇ ਸਰੀਰ ਨਾਲ ਹੈ। ਗੁਰਜੀਤ ਕੌਰ ਬਵੇਜਾ ਨੇ ਔਰਤ ਦੀ ਸਦਭਾਵਨਾ ਵਾਲੀ ਕਵਿਤਾ ਆਖੀ ਬੀਬੀ ਚਰਨਜੀਤ ਕੌਰ ਬਾਜਵਾ ਨੇ ਭਗਤ ਸਿੰਘ ਦੀ ਸ਼ਹਾਦਤ ਤੇ ਵੈਰਾਗ ਮਈ ਕਵਿਤਾ ਤਰੰਨਮ ਵਿਚ ਸੁਣਾਈ ।

# ਪ੍ਰੋਗਰੈਸਿਵ ਪੀਪਲਸ ਫਾਊਂਡੇਸ਼ਨ ਆਫ ਐਡਮਿੰਟਨ ਵੱਲੋਂ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਸੋਚ ਅਤੇ ਉਹਨਾਂ ਵੱਲੋਂ ਦਿੱਤੀ ਸ਼ਹਾਦਤ ਸਬੰਧੀ ਲੋਕਾਂ ਨੂੰ ਜਾਗੁਰਕ ਕਰਨ ਲਈ ਦੁਨੀਆਂ ਭਰ ਚ ਵੱਖੋ ਵੱਖ ਥਾਵਾਂ ਤੇ ਪ੍ਰੋਗਰਾਮਾਂ ਦਾ ਆਯੋਜਨ ਮਾਰਚ ਮਹੀਨੇ ਕੀਤਾ ਜਾਂਦਾ ਹੈ। ਐਡਮਿੰਟਨ ਦੇ ਮਿਲਵੁਡਜ਼ ਕਲਚਰ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਦੇ ਵੱਡ ਆਕਾਰੀ ਹਾਲ ਅੰਦਰ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇੱਕ ਵਿਸ਼ੇਸ਼ ਪ੍ਰੋਗਰਾਮ ਪ੍ਰੋਗਰੈਸਿਵ ਪੀਪਲਸ ਫਾਊਂਡੇਸ਼ਨ ਆਫ ਐਡਮਿੰਟਨ ਵੱਲੋਂ ਕਰਵਾਇਆ ਗਿਆ ।ਜਿਸ ਵਿੱਚ ਵੱਖੋ ਵੱਖ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਗੀਤਾ ਕਵਿਤਾਵਾਂ ਤੇ ਵਾਰਤਕ ਦੇ ਰਾਹੀਂ ਕੀਤਾ । ਪ੍ਰੋਗਰਾਮ ਦੇ ਵਿੱਚ ਮੁੱਖ ਵਿਸ਼ਾ ਸੀ ਕਿ ਭਗਤ ਸਿੰਘ ਦੀ ਸੋਚ ਤੋਂ ਅਗਵਾਈ ਲੈ ਕੇ ਕੱਟੜਤਾ ਅਤੇ ਸਾਮਰਾਜ ਵਿਰੁੱਧ ਕਿਵੇਂ ਲਾਮਬੰਦ ਹੋਈਏ। ਇਸ ਵਿਸ਼ੇ ਸਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੇਵਾ ਮੁਕਤ ਹੋਏ ਪ੍ਰੋਫੈਸਰ ਡਾਕਟਰ ਕੁਲਦੀਪ ਸਿੰਘ ਨੇ ਵਿਸਥਾਰ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਇਸੇ ਦੌਰਾਨ ਉਹਨਾਂ ਭਾਰਤ ਦੀ ਮੌਜੂਦਾ ਹਕੂਮਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਵੇਂ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਸਮੇਂ ਦੇ ਸਿਆਸਤਦਾਨ ਭਗਤ ਸਿੰਘ ਦੇ ਨਾਂ ਤੇ ਕਿਵੇਂ ਰੋਟੀਆਂ ਸੇਕ ਰਹੇ ਹਨ। ਕੋਈ ਉਹਨੂੰ ਪਗੜੀ ਦੇ ਨਾਂ ਤੇ ਕੋਈ ਨੈਸ਼ਨਲ ਹੀਰੋ ਦੇ ਤੌਰ 'ਤੇ ਕੋਈ ਨਾਸਤਕ ਆਸਤਕ ਦੇ ਤੌਰ ਤੇ ਆਪਣੀ ਲੋੜ ਮੁਤਾਬਿਕ ਵਰਤ ਰਿਹਾ ਹੈ। ਇਹ ਤਰਾਸਦੀ ਭਗਤ ਸਿੰਘ ਨਾਲ ਵਾਪਰ ਰਹੀ ਹੈ। ਫਰੋਗਰਾਮ ਦੌਰਾਨ ਸਰਬ ਸੰਮਤੀ ਨਾਲ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਭਾਰਤ ਦੀ ਬੀਜੇਪੀ ਸਰਕਾਰ ਰਾਜਨੀਤਿਕ ਪਾਰਟੀਆਂ ਨੂੰ ਡਰਾ ਧਮਕਾ ਕੇ, ਨਜਾਇਜ਼ ਤੰਗ ਕਰਨਾ ਬੰਦ ਕਰੇ। ਭਾਰਤ ਵਿੱਚ ਲੋਕਤੰਤਰ ਦੇ ਹੋ ਰਹੇ ਘਾਣ ਦੀ ਜ਼ੋਰਦਾਰ ਸ਼ਬਦਾਂ ਚ ਨਿਖੇਦੀ ਕੀਤੀ ਗਈ ਅਤੇ ਡੈਮੋਕਰੈਟਿਕ ਸੰਸਥਾਵਾਂ ਦੀ ਸੁਤੰਤਰਤਾ ਨੂੰ ਬਹਾਲ ਰੱਖਣ ਦੀ ਭਾਜਪਾ ਤੋਂ ਮੰਗ ਕੀਤੀ ਗਈ। ਇਸ ਮੌਕੇ ਤੇ ਡਾਕਟਰ ਸੁਰਿੰਦਰ ਧੰਜਲ ਦੀ ਸੰਪਾਦਤ ਪੁਸਤਕ ਖੇਤਾਂ ਦਾ ਪੁੱਤ ਪਾਸ ਵੀ ਰਿਲੀਜ਼ ਕੀਤੀ ਗਈ।

# ਕੇਜਰੀਵਾਲ ਦੀ ਗ੍ਰਿਫਤਾਰੀ ਅਤੇ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਦਾ ਅਮਰੀਕਾ ਨੂੰ ਫਿਕਰ ਐ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਅਮਰੀਕਾ ਵੱਲੋਂ ਆਏ ਬਿਆਨ ਉਪਰੰਤ ਭਾਰਤ ਦੀ ਨਾਰਾਜ਼ਗੀ ਦੇ ਬਾਵਜੂਦ ਅਮਰੀਕਾ ਨੇ ਇੱਕ ਵਾਰ ਫਿਰ ਬਿਆਨ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਪ੍ਰੈੱਸ ਬ੍ਰੀਫਿੰਗ 'ਚ ਕਿਹਾ- ਅਸੀਂ ਆਪਣੇ ਸਟੈਂਡ 'ਤੇ ਕਾਇਮ ਹਾਂ ਅਤੇ ਇਸ ਨਾਲ ਕਿਸੇ ਨੂੰ ਕੋਈ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਅਸੀਂ ਉਮੀਦ ਕਰਦੇ ਹਾਂ ਕਿ ਕੇਸ ਦੀ ਕਾਨੂੰਨੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਪੂਰੀ ਹੋਵੇਗੀ। ਇਸ ਤੋਂ ਇਲਾਵਾ ਅਮਰੀਕਾ ਨੇ ਕਾਂਗਰਸ ਪਾਰਟੀ ਨਾਲ ਸਬੰਧਤ ਬੈਂਕ ਖਾਤਿਆਂ ਨੂੰ ਫ੍ਰੀਜ਼ ਕਰਨ ਬਾਰੇ ਵੀ ਬਿਆਨ ਦਿੱਤਾ ਹੈ। ਮੈਥਿਊ ਮਿਲਰ ਨੇ ਕਿਹਾ- ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਟੈਕਸ ਅਥਾਰਟੀ ਨੇ ਉਨ੍ਹਾਂ ਦੇ ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਹਨ। ਇਸ ਕਾਰਨ ਉਨ੍ਹਾਂ ਨੂੰ ਚੋਣ ਪ੍ਰਚਾਰ ਚਲਾਉਣ ਵਿੱਚ ਦਿੱਕਤ ਆ ਸਕਦੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇੱਕ ਨਿਰਪੱਖ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਵੇਗੀ। ਵਰਨਣਯੋਗ ਹੈ ਅਮਰੀਕਾ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ 'ਚ ਅਮਰੀਕੀ ਡਿਪਲੋਮੈਟ ਗਲੋਰੀਆ ਬਾਰਬੇਨਾ ਨੂੰ ਤਲਬ ਕੀਤਾ ਸੀ।

























# ਸੰਪਾਦਕੀ



ਸੰਕਟ ਵਿੱਚੋਂ ਵੀ ਸੇਧ ਮਿਲਦੀ ਹੈ।

-ਪਬਲੀਲੀਅਸ ਸਾਇਰਸ

## ਸ਼ਰਮਨਾਕ ਸੀ, ਆਈਸ ਹਾਕੀ ਦੇ ਜਸ਼ਨ ਦੀ ਖੇਡ ਦੌਰਾਨ ਮੇਅਰ ਦਾ ਅਪਮਾਨ

ਸੈਡਲਡੋਮ ਕੈਲਗਰੀ ਵਿਖੇ 30 ਮਾਰਚ 2024, ਸ਼ਨੀਵਾਰ ਦੀ ਰਾਤ ਦੱਖਣ-ਏਸ਼ੀਆਈ ਮੂਲ ਦੇ ਲੋਕਾਂ ਲਈ ਮਾਣ ਵਾਲੇ ਪਲ ਸਨ ਕਿਉਂਕਿ ਇਸ ਸਮਾਗਮ ਦੇ ਉਦਘਾਟਨੀ ਪਲ ਮੌਕੇ ਖੇਡਾਂ ਦਾ ਉਦਘਾਟਨ ਭਾਰਤੀ ਮੂਲ ਦੀ ਮੌਜੂਦਾ ਕੈਲਗਰੀ ਮੇਅਰ ਜੋਤੀ ਗੌਂਡੇਕ ਅਤੇ ਹਾਕੀ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਏਸ਼ੀਆਈ ਮੂਲ ਦੀ ਸ਼ਖਸੀਅਤਾਂ ਫਲੇਮਜ਼ ਲੋਗੋ ਡਿਜ਼ਾਈਨ ਕਰਨ ਵਾਲੀ ਜ਼ੋਇ ਹਰਵੀਨ ਸਿਹੋਤਾ, ਸੰਗੀਤ ਪ੍ਰਦਾਨ ਕਰਨ ਵਾਲੇ ਲੜਕੇ ਰਾਘਵ, ਆਪਣਾ ਹਾਕੀ ਦੇ ਸੰਸਥਾਪਕ ਅਤੇ ਹਾਕੀ ਕੋਚ ਡੈਂਪੀ ਬਰਾੜ ਵੱਲੋਂ ਕੀਤਾ ਗਿਆ ਸੀ।

ਇਸ ਸਮਾਗਮ ਨੂੰ ਦੱਖਣ-ਏਸ਼ੀਆਈ ਮੂਲ ਦੇ ਦਰਸ਼ਕਾਂ ਵੱਜੋਂ ਵੱਡੀ ਗਿਣਤੀ ਵਿੱਚ ਜ਼ਬਰਦਸਤ ਹੁੰਗਾਰਾ ਮਿਲਿਆ ਪਰ ਉੱਥੇ ਮੌਜੂਦ ਕੁੱਝ ਹਾਕੀ ਪ੍ਰਸ਼ੰਸਕਾਂ ਨੇ ਦੱਖਣ-ਏਸ਼ੀਆਈ (ਪੰਜਾਬੀ) ਮੂਲ ਦੀ ਪਹਿਲੀ ਔਰਤ ਮੇਅਰ ਡਾ: ਜੋਤੀ ਗੌਂਡੇਕ ਪ੍ਰਤੀ 'ਹੋਏ-ਹੋਏ, ਤੋਏ-ਤੋਏ' ਕਰਕੇ ਇਸ ਸਮਾਗਮ ਦੇ ਰੰਗ ਨੂੰ ਨਫਰਤੀ ਭਾਵਨਾ ਦੀ ਬਦਬੂ ਨਾਲ ਭਰ ਦਿੱਤਾ। ਅਸੀਂ ਇਸ ਗੱਲ ਨੂੰ ਮੰਨ ਸਕਦੇ ਹਾਂ ਕਿ ਇਸ ਵੇਲੇ ਕਨੇਡੀਅਨ ਲੋਕਾਂ ਦੀ ਮਾਨਸਿਕ ਤੇ ਆਰਥਿਕ ਹਾਲਾਤ ਬਹੁਤੀ ਚੰਗੀ ਨਹੀ। ਕੈਲਗਰੀ 14 ਲੱਖ ਵਸਨੀਕਾਂ ਦਾ ਸ਼ਹਿਰ ਹੈ। ਸਿਆਸਤਦਾਨ ਸਭ ਨੂੰ ਖੁਸ਼ ਨਹੀਂ ਕਰ ਸਕਦੇ। ਲੋਕ ਮਿਉਂਸਪਲ, ਸੂਬਾਈ ਅਤੇ ਸੰਘੀ ਸਰਕਾਰਾਂ ਦੀਆਂ ਨੀਤੀਆਂ ਨਾਲ ਅਸਹਿਮਤ ਹੋਣ ਲਈ ਆਜ਼ਾਦ ਹਨ। ਆਲੋਚਨਾ ਉਸਾਰੂ ਹੋਣੀ ਚਾਹੀਦੀ ਹੈ, ਪਰ ਅਜਿਹੇ ਸਮਾਗਮਾਂ ਵਿੱਚ ਅਜਿਹਾ ਅਪਮਾਨਜਨਕ ਵਰਤਾਰੇ ਦਾ ਵਾਪਰਨਾ ਕੋਈ ਚੰਗੀ ਗੱਲ ਨਹੀਂ, ਉਹ ਵੀ ਉਸ ਵੇਲੇ ਜਦੋਂ ਅਜਿਹੇ ਖਾਸ ਸਮਾਗਮਾਂ ਵਿੱਚ ਉਹਨਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਹੁੰਦੇ ਹਨ, ਤਾਂ ਇਹ ਹਜ਼ਮ ਕਰਨਾ ਔਖਾ ਹੁੰਦਾ ਹੈ। ਅਸੀਂ ਕਿਸੇ ਵੀ ਗੱਲ 'ਤੇ ਕਿਸੇ ਨਾਲ ਵੀ ਅਸਹਿਮਤ ਹੋ ਸਕਦੇ ਹਾਂ, ਪਰ ਕਿਸੇ ਦੀ ਵੀ ਬੇਇੱਜ਼ਤੀ ਕਰਨਾ ਕੈਨੇਡੀਅਨ ਸੱਭਿਆਚਾਰ ਨਹੀਂ ਹੈ।

ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕੀਤੇ ਜਾਣ ਅਤੇ ਚੀਨੀ ਪ੍ਰਵਾਸੀਆਂ ਉੱਤੇ ਹੈੱਡ ਟੈਕਸ ਲਗਾਏ ਜਾਣ ਤੋਂ ਲੈ ਕੇ 1948 ਤੱਕ ਏਸ਼ੀਅਨ ਕੈਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਨਾ ਮਿਲਣ ਅਤੇ ਵਿਤਕਰੇ ਭਰੇ ਮੂਲ ਨਿਵਾਸੀ ਰਿਹਾਇਸ਼ੀ ਸਕੂਲਾਂ ਦੀ ਸਿਰਜਣਾ ਤੱਕ ਅਣਗਿਣਤ ਪਰੇਸ਼ਾਨ ਕਰਨ ਵਾਲੀਆਂ ਕਹਾਣੀਆਂ ਨੂੰ ਭਾਵੇਂ ਅਸੀਂ ਕਨੇਡਾ ਦੇ ਕਾਲੇ ਦਿਨਾਂ ਦੇ ਖਾਤੇ ਪਾਕੇ ਹੁਣ ਪਛਤਾਵਾ ਕਰ ਲੈਂਦੇ ਹਾਂ ਕਿ ਅਜਿਹਾ ਨਹੀ ਹੋਣਾ ਚਾਹੀਦਾ ਸੀ ਪਰ ਕੀ ਜੋ ਹੁਣ ਵੀ ਵਾਪਰ ਰਿਹਾ ਹੈ, ਇਹ ਸਹਿਣ ਯੋਗ ਹੈ?

ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2015 ਵਿੱਚ ਆਪਣੇ 30 ਮੈਂਬਰੀ ਮੰਤਰੀ ਮੰਡਲ ਵਿੱਚ ਚਾਰ ਸਿੱਖਾਂ ਨੂੰ ਸ਼ਾਮਿਲ ਕਰਨ ਲਈ ਚੁਣਿਆ, ਤਾਂ ਉਸਨੇ ਕਿਹਾ ਸੀ ਕਿ ਉਹਨਾਂ ਦੀ ਕੈਬਨਿਟ "ਕੈਨੇਡਾ ਵਰਗੀ ਲੱਗਦੀ ਹੈ।"

ਕੋਵਿਡ ਦੇ ਮਾੜੇ ਸਮੇਂ ਕਿਸ ਤਰਾਂ ਸਿੱਖ ਭਾਈਚਾਰੇ ਨੇ ਹਰ ਲੋੜਵੰਦ ਕੈਲਗਰੀ ਵਾਸੀਆਂ ਲਈ ਗੁਰੂਦਵਾਰਾ ਸਾਹਿਬ ਵੱਲੋਂ ਹਰ ਘਰ ਅੰਦਰ ਭੋਜਨ ਪਹੁੰਚਾਇਆ ਪਰ ਜਦੋਂ ਉਸੇ ਹੀ ਸ਼ਹਿਰ ਅੰਦਰ ਲੋਕਾਂ ਦੁਆਰਾ ਚੁਣੇ ਹੋਏ ਸਿੱਖ ਭਾਈਚਾਰੇ ਦੇ ਮਾਣਮੱਤੇ ਨੁਮਾਇੰਦਿਆਂ ਨਾਲ ਅਜਿਹਾ ਵਰਤਾਰਾ ਵਾਪਰਦਾ ਹੈ ਤਾਂ ਇਹ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਕੈਲਗਰੀ ਵਸਦੇ ਸਮੂਹ ਸਿੱਖ ਭਾਈਚਾਰੇ, ਸਾਡੇ ਭਾਈਚਾਰੇ ਦੀਆਂ ਸਮਾਜ ਸੇਵੀ ਸੰਸਥਾਵਾਂ ਖਾਸ ਕਰਕੇ ਔਰਤਾਂ ਦੀ ਨੁਮਾਇੰਦਿਗੀ ਕਰਦੀਆਂ ਜਥੇਬੰਦੀਆਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਜੇ ਅਸੀਂ 'ਸਾਨੂੰ ਕੀ' ਵਾਲੀ ਪ੍ਰਬਿਰਤੀ ਧਾਰਨ ਕਰ ਬੈਠੇ ਰਹੇ ਤਾਂ ਫਿਰ ਭਵਿੱਖ ਵਿੱਚ ਸਾਡਾ ਪਛਤਾਵੇ ਵਾਲਾ ਪੱਲੜਾ ਭਾਰਾ ਹੀ ਹੁੰਦਾ ਜਾਵੇਗਾ ਅਤੇ ਇਹ ਗੱਲ ਵੀ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸੱਪ ਲੰਘੇ ਤੋਂ ਲੀਕ ਕੁੱਟਣ ਦਾ ਕੋਈ ਫਾਇਦਾ ਨਹੀਂ ਹੁੰਦਾ। ਆਓ ਅਜਿਹੇ ਨਫਰਤੀ ਵਰਤਾਰਿਆਂ ਲਈ ਹਾਅ ਦਾ ਮਾਰਨ ਦੀ ਕੋਸ਼ਿਸ਼ ਕਰਦੇ ਹੋਏ ਮਨੁੱਖਤਾ ਦੇ ਹਾਣੀ ਹੋਈਏ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਸਿਆਸੀ ਦਲ, ਆਰਥਿਕ ਸੁਪਨੇ ਅਤੇ ਚੋਣਾਂ



ਗੁਰਮੀਤ ਸਿੰਘ ਪਲਾਹੀ

ਭਾਰਤੀ ਲੋਕਤੰਤਰ ਵਿੱਚ ਸਿਆਸੀ ਪਾਰਟੀਆਂ ਵਲੋਂ ਲਗਾਤਾਰ ਵੋਟਰਾਂ ਨੂੰ ਭਰਮਾਉਣ ਲਈ ਦਿਲਖਿਚਵੇਂ ਆਰਥਿਕ ਸੁਪਨੇ ਵਿਖਾਏ ਜਾਂਦੇ ਹਨ। ਬਿਜਲੀ ਦੇ ਬਿੱਲ ਮੁਆਫ਼ ਕਰਨਾ, ਸਬਸਿਡੀਆਂ ਦੇਣਾ ਆਦਿ ਇਹਨਾ ਸੁਪਨਿਆਂ 'ਚ ਸ਼ਾਮਲ ਹੈ। ਚੋਣਾਂ ਸਮੇਂ ਖ਼ਾਸ ਕਰਕੇ ਦੇਸ਼ ਦੀਆਂ ਮੁੱਖ ਲੋਕ ਸਭਾ ਚੋਣਾਂ ਸਮੇਂ ਤਾਂ ਇਹਨਾ ਦੀ ਭਰਮਾਰ ਹੀ ਹੋ ਜਾਂਦੀ ਹੈ। ਦੇਸ਼ ਦੀ ਹਾਕਮ ਧਿਰ ਧੜਾ-ਧੜ ਨਵੇਂ-ਨਵੇਂ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦੀ ਹੈ, ਕਈ ਪੂਰੇ ਹੋਏ ਪ੍ਰਾਜੈਕਟਾਂ ਦਾ ਉਦਘਾਟਨ ਕਰਦੀ ਹੈ, ਪਰ ਕੀ ਇਹ ਪ੍ਰਾਜੈਕਟ ਪੂਰੇ ਹੁੰਦੇ ਹਨ ਜਾਂ ਇਹ ਸਿਰਫ਼ ਵੋਟਾਂ ਉਪਰੰਤ ਸੁਪਨਿਆਂ ਦਾ ਸ਼ਿੰਗਾਰ ਬਣਕੇ ਹੀ ਰਹਿ ਜਾਂਦੇ ਹਨ?

ਦੇਸ਼ ਦੇ ਆਰਥਿਕ ਵਿਕਾਸ ਦੀ ਜ਼ੁੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਹੁੰਦੀ ਹੈ। ਹਰ ਵਰ੍ਹੇ ਸਰਕਾਰ ਆਰਥਿਕ ਵਿਕਾਸ ਨੂੰ ਤਿੰਨ ਤਰੀਕਿਆਂ ਦੇ ਅੰਕੜਿਆਂ ਨਾਲ ਲੋਕ-ਕਚਿਹਰੀ 'ਚ ਪੇਸ਼ ਕਰਦੀ ਹੈ। ਪਹਿਲਾਂ ਬਜ਼ਟ, ਫਿਰ ਸੋਧਿਆ ਬਜ਼ਟ ਅਤੇ ਉਸ ਤੋਂ ਬਾਅਦ ਅਸਲ ਬਜ਼ਟ। ਇਹ ਅੰਕੜਿਆਂ ਦੀ ਜਾਦੂਗਰੀ ਹੁੰਦੀ ਹੈ, ਜਿਸ ਨਾਲ ਲੋਕਾਂ/ਵੋਟਰਾਂ ਨੂੰ ਗੁੰਮਰਾਹ ਕਰਨ ਦਾ ਯਤਨ ਸਰਕਾਰਾਂ ਕਰਦੀਆਂ ਹਨ।

ਸਭ ਤੋਂ ਪਹਿਲਾਂ ਬਜ਼ਟ ਪੇਸ਼ ਕਰਨ ਲੱਗਿਆਂ ਲੋਕਾਂ ਨੂੰ ਸੁਪਨੇ ਦਿਖਾਏ ਜਾਂਦੇ ਹਨ। ਸੋਧੇ ਹੋਏ ਬਜ਼ਟ ਵਿੱਚ ਬੀਤੇ ਹੋਏ ਅੱਠ ਜਾਂ ਨੌਂ ਮਹੀਨਿਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਸੁਪਨਿਆਂ 'ਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਦੇ ਬਾਅਦ ਪਿਛਲੇ ਸਾਲ ਦੇ ਮੁਕਾਬਲਤਨ ਅਧਿਐਨ ਨਾਲ ਅਸਲ ਹਾਲਤ ਦਰਸਾਈ ਜਾਂਦੀ ਹੈ। ਉਸ ਵੇਲੇ ਹੀ ਹਾਕਮਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਕਿਉਂਕਿ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਹਨਾ ਦੇ ਸੁਪਨੇ ਤਾਂ ਪੂਰੇ ਹੀ ਨਹੀਂ ਹੋਏ, ਉਹਨਾ ਨੂੰ ਤਾਂ ਠਗਿਆ ਗਿਆ ਹੈ।

ਬਾਵਜੂਦ ਇਸ ਸਭ ਕੁਝ ਦੇ ਇਹ ਵਿਡੰਬਨਾ ਹੈ ਕਿ ਸਰਕਾਰਾਂ ਤੋਂ ਇਸ ਜਾਦੂਗਰੀ ਦਾ ਜਵਾਬ ਨਹੀਂ ਮੰਗਿਆ ਜਾਂਦਾ ਕਿ ਬਜ਼ਟ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰੱਖੀ ਰਕਮ ਅਸਲ ਵਿੱਚ ਬਹੁਤ ਘੱਟ ਕਿਉਂ ਰਹਿ ਜਾਂਦੀ ਹੈ ਅਤੇ ਇਹ ਦੂਜੀਆਂ ਮੱਦਾਂ ਉਤੇ ਕਿਵੇਂ ਤੇ ਕਿਉਂ ਖ਼ਰਚ ਕਰ ਦਿੱਤੀ ਜਾਂਦੀ ਹੈ।

ਆਮ ਲੋਕ ਆਰਥਿਕ ਵਿਕਾਸ ਦੀਆਂ ਚਰਚਾਵਾਂ ਵਿੱਚ ਬਹੁਤਾ ਸ਼ਾਮਿਲ ਨਹੀਂ ਹੁੰਦੇ। ਮੋਟੇ ਤੌਰ 'ਤੇ ਤਾਂ ਉਹਨਾ ਨੂੰ ਤਨਖ਼ਾਹ ਵਿੱਚ ਨਿਯਮਤ ਵਾਧਾ ਹੀ ਆਰਥਿਕ ਵਿਕਾਸ ਦੇ ਮੱਦੇਨਜ਼ਰ ਸਭ ਤੋਂ ਵੱਧ ਦਿਲਖਿਚਵਾਂ ਲਗਦਾ ਹੈ। ਬਾਕੀ ਸਾਰੇ ਮਾਮਲਿਆਂ ਵਿੱਚ ਤਾਂ ਉਹ ਤਦੇ ਪ੍ਰਭਾਵਿਤ ਹੁੰਦੇ ਹਨ, ਜਦੋਂ ਉਸਦਾ ਉਲਟ ਅਸਰ ਉਹਨਾ ਦੀ ਰੋਜ਼ਾਨਾ ਨਿੱਜੀ ਜ਼ਿੰਦਗੀ 'ਤੇ ਪੈਂਦਾ ਹੈ। ਆਮ ਆਦਮੀ ਤਾਂ ਉਸ ਵੇਲੇ ਪ੍ਰਭਾਵਿਤ ਹੁੰਦਾ ਹੈ, ਜਦੋਂ ਰੋਜ਼ਾਨਾ ਜ਼ਿੰਦਗੀ 'ਚ ਉਸ ਵਲੋਂ ਵਰਤੀਆਂ ਜਾਂਦੀਆਂ ਚੀਜ਼ਾਂ ਦੇ ਭਾਅ ਵਧਦੇ ਹਨ ਅਤੇ ਉਸਨੂੰ ਇਹ ਚੀਜ਼ਾਂ ਖਰੀਦਣ ਲਈ ਹੱਥ ਘੁੱਟਣੇ ਪੈਂਦੇ ਹਨ। ਵੈਸੇ ਆਮ ਮਹਿੰਗਾਈ ਨੂੰ ਤਾਂ ਉਹ ਆਰਥਿਕ ਚੱਕਰ ਦਾ ਇਕ ਹਿੱਸਾ ਸਮਝਦਾ ਹੈ। ਉਦਾਹਰਨ ਵਜੋਂ ਕਦੇ ਪਿਆਜ ਦੀ ਕੀਮਤ 20 ਰੁਪਏ ਕਿਲੋ ਹੋ ਜਾਂਦੀ ਹੈ ਅਤੇ ਫਿਰ 100 ਰੁਪਏ ਕਿਲੋ ਤੇ ਮੁੜ ਫਿਰ 30 ਰੁਪਏ ਕਿਲੋ।

ਚੋਣਾਂ ਸਮੇਂ ਦਿੱਤੀਆਂ ਆਰਥਿਕ ਗਰੰਟੀਆਂ ਲੋਕਾਂ ਨੂੰ ਸੁਪਨੇ ਦਿਖਾਉਂਦੀਆਂ ਹਨ। ਇਹਨਾ ਗਰੰਟੀਆਂ ਦਾ ਪ੍ਰਚਾਰ ਵੋਟਾਂ ਇਕੱਠੀਆਂ ਕਰਨ ਲਈ ਲਗਾਤਾਰ ਕੀਤਾ ਜਾਂਦਾ ਹੈ। ਲਗਭਗ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਜਮ੍ਹਾਂ ਜਬਾਨੀ ਖ਼ਰਚ ਕਰਦੀਆਂ ਹਨ।

ਮੋਦੀ ਸਰਕਾਰ ਦੀਆਂ ਦਿੱਤੀਆਂ ਦਸ ਗਰੰਟੀਆਂ ਵਿੱਚ ਭਾਰਤ ਦੇ ਵਿਕਾਸ ਅਤੇ ਆਰਥਿਕ ਵਿਕਾਸ ਦੀ ਗਰੰਟੀ ਨੂੰ ਪਹਿਲ ਹੈ। ਇਹਨਾ ਵਿੱਚ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦਾ ਸ਼ਸ਼ਕਤੀਕਰਨ, ਕਿਸਾਨਾਂ ਦੀ ਭਲਾਈ ਮੁੱਖ ਹਨ। ਇਹ ਸਾਰੇ ਮਾਮਲੇ ਦੇਸ਼ ਦੀ ਆਰਥਿਕਤਾ ਨਾਲ ਜੁੜੇ ਹਨ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਭਾਰਤੀ ਲੋਕ ਦਹਾਕਿਆਂ ਤੋਂ ਨਪੀੜੇ ਰਹੇ ਹਨ। ਉਹਨਾ ਦੀ ਹਾਲਤ ਸੁਧਾਰਨ ਲਈ ਉਹਨਾ ਗਰੰਟੀਆਂ ਦਿੱਤੀਆਂ ਹਨ। ਇਹਨਾ ਗਰੰਟੀਆਂ ਵਿੱਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ, ਪਿੰਡਾਂ ਦਾ 100 ਫੀਸਦੀ ਬਿਜਲੀਕਰਨ, 14 ਕਰੋੜ ਪੇਂਡੂਆਂ ਲਈ ਮਕਾਨ, 28 ਕਰੋੜ ਔਰਤਾਂ ਦੇ ਬੈਂਕ ਅਕਾਊਂਟ ਖੋਲਣ, ਇੱਕ ਕਰੋੜ ਔਰਤਾਂ ਦੇ ਕਾਰੋਬਾਰ ਖੁਲਵਾਕੇ ਉਹਨਾ ਨੂੰ ਲੱਖਪਤੀ ਦੀਦੀ ਬਨਾਉਣਾ ਸ਼ਾਮਲ ਹੈ।

ਇਹ ਸਭ ਕੁਝ ਚੋਣਾਂ ਦੇ ਦਿਨਾਂ 'ਚ ਨਵੇਂ ਸੁਪਨੇ ਸਿਰਜਨ ਜਿਹਾ ਹੈ। ਪਰ ਮੋਦੀ ਸਰਕਾਰ ਦਾ ਕਥਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣੇਗਾ ਅਤੇ ਉਸਦਾ ਇਹ ਕਹਿਣਾ "ਮੋਦੀ ਦੀ ਗਰੰਟੀ ਜਾਣੀ ਹਰ ਗਰੰਟੀ ਪੂਰੀ ਹੋਣ ਦੀ ਗਰੰਟੀ" ਨੂੰ ਕਿਵੇਂ ਸਹੀ ਮੰਨਿਆ ਜਾਏਗਾ, ਜਦ ਉਸ ਦੇ ਸੈਂਕੜੇ ਤੋਂ ਵੱਧ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਹੀ ਜ਼ਮੀਨ 'ਚ ਦਬੇ ਗਏ, "ਜਨ ਧਨ ਯੋਜਨਾ", ਕਾਲੇ ਧਨ ਨੂੰ ਚਿੱਟਾ ਕਰਕੇ ਹਰ ਨਾਗਰਿਕ ਦੇ ਖਾਤੇ 15 ਲੱਖ ਅਤੇ ਹਰ ਵਰ੍ਹੇ 2 ਕਰੋੜ ਨੌਕਰੀਆਂ ਵੀ ਤਾਂ ਉਸਦੇ ਵਾਇਦੇ ਸਨ, ਜੋ ਕਦੇ ਵੀ ਪੂਰੇ ਨਹੀਂ ਹੋ ਸਕੇ।

ਇਹ ਚੋਣ ਆਰਥਿਕ ਵਾਇਦੇ ਲੋਕਾਂ ਦੇ ਸੁਪਨਿਆਂ ਦੇ ਕਤਲ ਸਮਾਨ ਗਿਣੇ ਜਾ ਰਹੇ ਹਨ। ਉਂਜ ਵੀ ਵੱਡੇ ਪ੍ਰਾਜੈਕਟ ਜਦੋਂ ਅਰਬਾਂ ਦੇ ਕਰਜ਼ੇ ਲੈ ਕੇ ਕੀਤੇ ਜਾਂਦੇ ਹਨ ਤਾਂ ਇਹ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਉਤੇ ਹੋਰ ਕਹਿਰ ਵਰਤਾਉਣ ਵਾਂਗਰ ਹੈ। ਜ਼ਰਾ ਕੁ ਗੌਰ ਤਾਂ ਕਰੋ ਭਾਰਤ ਉਤੇ ਕਰਜ਼ਾ ਸਤੰਬਰ 2023 ਤੱਕ 205 ਲੱਖ ਕਰੋੜ ਹੈ, ਜਿਹੜਾ ਜੂਨ 2023 ਵਿੱਚ 200 ਲੱਖ ਕਰੋੜ ਸੀ। ਭਾਵ ਤਿੰਨ ਮਹੀਨਿਆਂ 'ਚ 5 ਲੱਖ ਕਰੋੜ ਕਰਜ਼ਾ ਵਧਿਆ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਚੋਣਾਂ ਦੇ ਸਮੇਂ ਹਾਕਮਾਂ ਵਲੋਂ ਗਰੰਟੀਆਂ ਦੀ ਹੋੜ 'ਚ ਇਹ ਵਾਧਾ ਕਰਜ਼-ਦਰ-ਕਰਜ਼ ਲੈ ਕੇ ਹੋਇਆ ਹੈ। ਪਰ ਇਥੇ ਸਵਾਲ ਇਹ ਉੱਠਦਾ ਹੈ ਕਿ ਕਰਜ਼ ਲੈ ਕੇ ਕੀਤਾ ਵਿਕਾਸ ਕਿੰਨਾ ਕੁ ਸਹੀ ਹੈ? ਕੀ ਕਰਜ਼ ਲੈ ਕੇ ਉਸਾਰੇ ਮਹਿਲ ਦੇਸ਼ ਦੇ ਅਰਥਚਾਰੇ ਨੂੰ ਸੁਖਾਵਾਂ ਰੱਖ ਸਕਦੇ ਜਾਂ ਬਣਾ ਸਕਦੇ ਹਨ। ਕੀ ਇਹ ਆਮ ਲੋਕਾਂ ਦੇ ਆਰਥਿਕ ਸੁਧਾਰ ਲਈ ਹਨ ਜਾਂ ਧਨ ਕੁਬੇਰਾਂ ਨੂੰ ਲਾਭ ਦੇਣ ਲਈ ਹਨ। ਆਮ ਤੌਰ 'ਤੇ ਕੇਂਦਰ ਅਤੇ ਸੂਬਾ ਸਰਕਾਰ ਸਾਲ ਦੇ ਬਜ਼ਟ ਵਿੱਚ ਆਪਣੇ ਵਿੱਤੀ ਘਾਟੇ ਨੂੰ ਘੱਟੋ-ਘੱਟ ਵਿਖਾਉਂਦੀਆਂ ਹਨ। ਕਈ ਸਰਕਾਰਾਂ ਤਾਂ ਘਾਟੇ ਦਾ ਬਜ਼ਟ ਪੇਸ਼ ਹੀ ਨਹੀਂ ਕਰਦੀਆਂ। ਵਿੱਤੀ ਘਾਟੇ ਨੂੰ ਰੋਕਣ ਲਈ ਉਹ ਪੂੰਜੀਗਤ ਖ਼ਰਚਿਆਂ ਲਈ ਰੱਖੀ ਰਕਮ ਜੋ ਪ੍ਰਾਜੈਕਟਾਂ ਤੇ ਖ਼ਰਚ ਨਹੀਂ ਹੁੰਦੀ ਜਾਂ ਵੰਡੀ ਨਹੀਂ ਜਾਂਦੀ, ਉਸ ਤੇ ਕੈਂਚੀ ਚਲਾਕੇ ਬਚੀ ਰਕਮ ਦੇ ਜ਼ਰੀਏ ਵਿੱਤੀ ਘਾਟੇ ਨੂੰ ਘਟਾਉਣ ਦਾ ਯਤਨ ਕਰਦੀਆਂ ਹਨ।

ਉਦਾਹਰਨ ਦੇ ਤੌਰ 'ਤੇ ਬਿਹਾਰ ਦੇ ਬਜ਼ਟ ਵਿੱਚ ਵਿੱਤੀ ਘਾਟਾ ਜੀਡੀਪੀ ਦਾ ਅੰਦਾਜ਼ਨ ਤਿੰਨ ਫ਼ੀਸਦੀ ਹੈ, ਲੇਕਿਨ ਪਿਛਲੇ ਦਿਨਾਂ 'ਚ ਪੇਸ਼ ਬਜ਼ਟ ਵਿੱਚ ਇਹ ਵਿੱਤੀ ਘਾਟਾ ਅਨੁਮਾਨਤ 8.9 ਫੀਸਦੀ ਕੀਤਾ ਗਿਆ। ਇਹ ਅਸਲ ਵਿੱਚ ਬਿਹਾਰ ਦੀ ਆਰਥਿਕ ਨੀਤੀਆਂ ਦੀ ਦੁਰਦਸ਼ਾ ਕਾਰਨ ਹੈ। ਇਹ ਤੱਥ ਜੱਗ ਜ਼ਾਹਰ ਹੈ ਕਿ ਬਿਹਾਰ, ਕੇਂਦਰ ਤੋਂ 73 ਫੀਸਦੀ ਸਹਾਇਤਾ ਪ੍ਰਾਪਤ ਕਰਦਾ ਹੈ, ਇਹ ਸਹਾਇਤਾ ਬਿਹਾਰ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਨਹੀਂ ਸਗੋਂ ਬਿਹਾਰ ਵਲੋਂ ਕੇਂਦਰ ਦੇ ਸਾਹਮਣੇ ਰੱਖੇ ਗਏ ਕੁਝ ਪ੍ਰਸਤਾਵਾਂ ਲਈ ਸ਼ਰਤਾਂ ਸਹਿਤ ਸਹਾਇਤਾ ਹੈ। ਬਿਹਾਰ ਵਲੋਂ ਚਾਲੂ ਵਿੱਤੀ ਵਰ੍ਹੇ 'ਚ 50,000 ਕਰੋੜ ਦੀ ਕੇਂਦਰੀ ਸਹਾਇਤਾ ਦਾ ਪ੍ਰਸਤਾਵ ਰੱਖਿਆ ਗਿਆ, ਪਰ ਉਸਨੂੰ ਸਿਰਫ਼ 16000 ਕਰੋੜ ਮਿਲਿਆ, ਕਿਉਂਕਿ ਬਿਹਾਰ ਨੇ ਕੇਂਦਰ ਸਰਕਾਰ ਦੀ ਪ੍ਰਾਜੈਕਟ ਪੂਰਤੀ ਦੀਆਂ ਸ਼ਰਤਾਂ ਨਹੀਂ ਮੰਨੀਆਂ। ਜਿਸ ਨਾਲ ਬਿਹਾਰ ਦਾ ਰਾਜਸੀ ਘਾਟਾ ਤਿੰਨ ਗੁਣਾ ਵਧ ਗਿਆ। ਇਹ ਅੰਕੜਿਆਂ ਦੀ ਜਾਦੂਗਰੀ ਹੈ ਕਿ ਅਗਲੇ ਵਰ੍ਹੇ ਵਿੱਤੀ ਘਾਟਾ 4 ਜਾਂ 5 ਫੀਸਦੀ ਵਿਖਾਇਆ ਜਾਏਗਾ। ਨੇਤਾਵਾਂ/ਸਰਕਾਰਾਂ ਵਲੋਂ ਇਹ ਵੀ ਦਿਖਾਇਆ ਜਾਏਗਾ ਕਿ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਲਈ ਵੱਡੀਆਂ ਰਕਮਾਂ ਕੇਂਦਰ ਤੋਂ ਪ੍ਰਾਪਤ ਕੀਤੀਆਂ ਤੇ ਖ਼ਰਚੀਆਂ। ਪਰ ਜ਼ਮੀਨੀ ਪੱਧਰ 'ਤੇ ਸੱਚ ਹੋਰ ਹੈ। ਅਸਲ 'ਚ ਤਾਂ ਲੋਕਾਂ ਦੇ ਆਰਥਿਕ ਸੁਪਨਿਆਂ ਦਾ ਸੌਦਾ ਕੀਤਾ ਜਾਂਦਾ ਹੈ।

ਪੰਜਾਬ ਨੂੰ ਭਾਰਤ ਵਿੱਚ ਇੱਕ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਥੇ ਪ੍ਰਤੀ ਜੀਅ ਆਮਦਨ ਬਹੁਤ ਜ਼ਿਆਦਾ ਹੈ। ਇਥੋਂ ਦੀ ਪੇਂਡੂ ਅਰਥ ਵਿਵਸਥਾ ਸਭ ਤੋਂ ਜਿਆਦਾ ਵਿਕਸਤ ਹੈ। ਭਾਰਤ ਵਿੱਚ ਸਭ ਤੋਂ ਵੱਧ ਮਹਿੰਗੀਆਂ ਕਾਰਾਂ ਦੀ ਵਿਕਰੀ ਮੁੰਬਈ, ਦਿੱਲੀ ਅਤੇ ਚੰਡੀਗੜ੍ਹ ਤੋਂ ਬਾਅਦ ਪੰਜਾਬ ਦੇ ਲੁਧਿਆਣਾ 'ਚ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਗੁਜਰਾਤ ਦੇ ਨਾਲ-ਨਾਲ ਪੰਜਾਬ ਹੀ ਇਹੋ ਜਿਹਾ ਸੂਬਾ ਹੈ, ਜਿਥੇ ਐਨ.ਆਰ.ਆਈਜ਼ ਤੋਂ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਪ੍ਰਾਪਤ ਹੁੰਦੀ ਹੈ, ਇਹ ਚਾਹੇ ਕੈਨੇਡਾ ਹੋਵੇ ਜਾਂ ਫਿਰ ਅਸਟ੍ਰੇਲੀਆ ਅਤੇ ਅਮਰੀਕਾ ਤੋਂ। ਪਰ ਪੰਜਾਬ ਦੀ ਅਰਥਵਿਵਥਾ ਦੇ ਅੰਕੜੇ ਕੁਝ ਹੋਰ ਹੀ ਕਹਿੰਦੇ ਹਨ।

ਇਥੇ ਮੌਜੂਦਾ ਸਮੇਂ ਰਾਜ ਦੇ ਖਜ਼ਾਨੇ ਦਾ ਘਾਟਾ 5 ਫੀਸਦੀ ਦੇ ਆਸ ਪਾਸ ਚਲ ਰਿਹਾ ਹੈ। ਬਜ਼ਟ ਘਾਟਾ ਵੀ ਚਲ ਰਿਹਾ ਹੈ, ਜੋ ਜੀਡੀਪੀ ਦਾ 2.8 ਫੀਸਦੀ ਹੈ। ਇਸ ਕਰਕੇ ਹੁਣ ਪੰਜਾਬ ਭਾਰਤ ਦੇ ਉਹਨਾ 17 ਰਾਜਾਂ ਵਿੱਚ ਸ਼ਾਮਲ ਹੈ, ਜਿਸਨੂੰ ਕੇਂਦਰ ਵਲੋਂ ਆਰਥਿਕ ਸਹਾਇਤਾ ਉਸਦੀਆਂ ਸ਼ਰਤਾਂ ਤੇ ਲੈਣੀ ਪੈਂਦੀ ਹੈ।

ਪੰਜਾਬ ਦੇ ਖਜ਼ਾਨੇ ਦੇ ਘਾਟੇ ਦਾ ਮੁੱਖ ਕਾਰਨ ਤਨਖਾਹ, ਪੈਨਸ਼ਨ ਅਤੇ ਰਾਜ ਲਈ ਲਏ ਕਰਜ਼ੇ ਉਤੇ ਵਿਆਜ ਉਤੇ ਹੀ 76 ਫੀਸਦੀ ਖ਼ਰਚ ਹੋ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਵਰ੍ਹੇ ਤਨਖਾਹ ਦਾ ਹਿੱਸਾ 30 ਫੀਸਦੀ ਸੀ, ਜਦਕਿ ਪੰਜਾਬ ਉਤਰਪ੍ਰਦੇਸ਼ ਅਤੇ ਬਿਹਾਰ ਦੇ ਮੁਕਾਬਲੇ ਇਹ ਘੱਟ ਆਬਾਦੀ ਵਾਲਾ ਸੂਬਾ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਵਿੱਚ ਵੀ ਜ਼ੋਰਾਂ-ਸ਼ੋਰਾਂ ਨਾਲ ਲੋਕਾਂ ਨੂੰ ਆਰਥਿਕ ਸੁਪਨੇ ਵਿਖਾਏ ਜਾ ਰਹੇ ਹਨ। ਮੌਜੂਦਾ ਸਮੇਂ ਵੰਡੀ ਜਾ ਰਹੀ ਮੁਫ਼ਤ ਬਿਜਲੀ ਦਾ ਖ਼ਰਚਾ ਹੀ ਵੀਹ ਹਜ਼ਾਰ ਕਰੋੜ ਰੁਪਏ ਦੇ ਬਰਾਬਰ ਹੈ, ਜੋ ਪੰਜਾਬ ਦੀ ਕੁੱਲ ਆਮਦਨ ਦਾ 19 ਫੀਸਦੀ ਹੈ। ਜੇਕਰ 76 ਫੀਸਦੀ ਤਨਖਾਹ, ਪੈਨਸ਼ਨ ਅਤੇ ਕਰਜ਼ੇ 'ਤੇ ਵਿਆਜ ਦੇ ਖ਼ਰਚੇ ਇਸ ਵਿੱਚ ਜੋੜ ਦਿੱਤੇ ਜਾਣ ਤਾਂ ਪੰਜਾਬ ਕੋਲ ਆਮਦਨ ਦਾ ਸਿਰਫ਼ ਪੰਜ ਫੀਸਦੀ ਹੀ ਬਾਕੀ ਰਹਿੰਦਾ ਹੈ। ਇਸੇ ਲਈ ਪੰਜਾਬ ਵੀ ਕੇਂਦਰ ਦੀਆਂ ਸ਼ਰਤਾਂ ਮੰਨਣ ਲਈ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਆਰਥਿਕ ਕਮਜ਼ੋਰੀ ਕਾਰਨ ਸੂਬਾ ਲੋਕ-ਲੁਭਾਊ ਨੀਤੀਆਂ ਲਾਗੂ ਕਰਨ ਲਈ ਕਰਜ਼ੇ ਦੀ ਨਿਰ-ਸੰਕੋਚ ਵਰਤੋਂ ਕਰ ਰਿਹਾ ਹੈ। ਕੀ ਇਹ ਲੋਕ ਹਿਤੈਸ਼ੀ ਹੈ?

ਸਾਲ 1991 ਵਿੱਚ ਦੇਸ਼ ਦੀ ਜਨ ਸੰਖਿਆ 84 ਕਰੋੜ ਸੀ ਜੋ ਹੁਣ 141 ਕਰੋੜ ਦੀ ਸੀਮਾ ਪੂਰੀ ਕਰ ਚੁੱਕੀ ਹੈ ਅਤੇ 2040 ਤੱਕ ਇਹ 157 ਕਰੋੜ ਹੋਣ ਦਾ ਅੰਦਾਜ਼ਾ ਹੈ। ਇਸ ਸਥਿਤੀ 'ਚ ਲੋਕਾਂ ਦੀ ਭੁੱਖ ਦੂਰ ਕਰਨ, ਬੇਰੁਜ਼ਗਾਰੀ ਖ਼ਤਮ ਕਰਨ, ਬੁਨਿਆਦੀ ਲੋੜਾਂ ਪੂਰਿਆਂ ਕਰਨ ਲਈ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਦੀ ਲੋੜ ਹੈ, ਜੋ ਸਿਰਫ਼ ਸਿਆਸੀ ਦਲਾਂ ਦੇ ਨਾਹਰਿਆਂ, ਦਿੱਤੀਆਂ ਗੱਲੀਂ-ਬਾਤੀਂ ਗਰੰਟੀਆਂ ਨਾਲ ਕੀ ਪੂਰੀ ਹੋ ਸਕਦੀ ਹੈ?

ਭਾਰਤ ਦੇਸ਼, ਦੁਨੀਆ ਭਰ 'ਚ ਸਭ ਤੋਂ ਵੱਧ ਅੰਨ ਪੈਦਾ ਕਰਦਾ ਹੈ। 2023 ਵਿੱਚ ਦੇਸ਼ ਦਾ ਅੰਨ ਉਤਪਾਦਨ 31.1 ਕਰੋੜ ਟਨ ਤੱਕ ਪੁੱਜ ਗਿਆ ਹੈ। ਪਰ ਇਸ ਦੇ ਬਾਵਜੂਦ ਦੇਸ਼ 'ਚ ਭੁੱਖਮਰੀ ਅਤੇ ਗਰੀਬੀ ਹੈ। 24 ਕਰੋੜ ਲੋਕਾਂ ਨੂੰ ਮਸਾਂ ਇੱਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ। (ਰਿਪੋਰਟ ਐਸ ਓ ਐਫ ਆਈ-2023) ਭੁੱਖਮਰੀ ਦੇ ਮਾਮਲੇ 'ਚ 125 ਦੇਸ਼ਾਂ ਵਿੱਚ ਭਾਰਤ ਦਾ ਸਥਾਨ 111 ਵਾਂ ਹੈ (ਰਿਪੋਰਟ ਗਲੋਬਲ ਹੰਗਰ ਇੰਡੈਕਸ-2023) ਕੀ ਸਿਆਸੀ ਦਲਾਂ ਵਲੋਂ, ਭੁੱਖੇ ਮਰ ਰਹੇ ਤੇ ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਨੂੰ ਵਿਖਾਏ ਜਾ ਰਹੇ ਆਰਥਿਕ ਸੁਪਨੇ, ਉਹਨਾ ਦੇ ਕਿਸੇ ਕੰਮ ਆ ਸਕਣਗੇ ਜਾਂ ਫਿਰ ਇਹ ਚੋਣ ਜੁਮਲੇ ਸਾਬਤ ਹੋਣਗੇ।

# ਪੰਜਾਬ ਵਿੱਚ ਸਾਵਣ ਮਹੀਨੇ ਤੋਂ ਪਹਿਲਾਂ ਦਲ ਬਦਲੀਆਂ ਦੀ ਬਰਸਾਤ



ਉਜਾਗਰ ਸਿੰਘ
ਮੋਬਾਈਲ-94178 13072
ujagarsinghDH@yahoo.com









ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਸਿਆਸਤ ਖਾਸ ਤੌਰ 'ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਵਿੱਚ ਆਈ ਗਿਰਾਵਟ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੋਈ ਨਹੀਂ ਹੋ ਸਕਦੀ, ਜਦੋਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਪਣੀਆਂ ਹਾਰਾਂ ਦੀ ਮੂੰਹ ਬੋਲਦੀ ਤਸਵੀਰ ਵੇਖਣ ਤੋਂ ਬਾਅਦ, ਵਿਚਾਰਧਾਰਾ ਦੀ ਨੀਤੀ ਨੂੰ ਤਿਲਾਂਜ਼ਲੀ ਦੇ ਕੇ ਸਿਆਸਤਦਾਨਾਂ ਵੱਲੋਂ ਦਲ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਐਨ.ਡੀ.ਏ. ਅਤੇ ਇੰਡੀਆ ਦੋਵੇਂ ਡਰੇ ਹੋਏ ਹਨ। ਦੋਹਾਂ ਧਿਰਾਂ ਦੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ। ਐਨ.ਡੀ.ਏ.ਨੇ ਹਰ ਹਾਲਤ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦੀ ਰਣਨੀਤੀ ਬਣਾਈ ਹੋਈ। ਇੰਡੀਆ ਗੱਠਜੋੜ ਮਹਿਸੂਸ ਕਰਦਾ ਹੈ ਕਿ ਜੇਕਰ ਇਸ ਵਾਰ ਭਾਰਤੀ ਜਨਤਾ ਪਾਰਟੀ ਜਿੱਤ ਗਈ ਤਾਂ ਮੁੜਕੇ ਭਾਰਤੀ ਜਨਤਾ ਪਾਰਟੀ ਨੇ ਸੰਵਿਧਾਨ ਵਿੱਚ ਤਬਦੀਲੀ ਕਰਕੇ ਰੂਸ ਦੇ ਰਾਸ਼ਟਰਪਤੀ ਪੁਤਿਨ ਦੀ ਤਰ੍ਹਾਂ ਚੋਣਾ ਹੋਣ ਹੀ ਨਹੀਂ ਦੇਣੀਆਂ, ਸਿਰਫ ਨਾਂ ਦਾ ਹੀ ਪਰਜਾਤੰਤਰ ਰਹਿ ਜਾਵੇਗਾ। ਹਾਲਾਂ ਕਿ ਇਹ ਸਭ ਕਿਆਸ ਅਰਾਈਆਂ ਹਨ ਪ੍ਰੰਤੂ ਇਹ ਕਿਆਸ ਅਰਾਈਆਂ ਹੀ ਦੋਹਾਂ ਧੜਿਆਂ ਦੀ ਧੜਕਣ ਵਧਾ ਰਹੀਆਂ ਹਨ, ਜਿਸ ਕਰਕੇ ਦਲ ਬਦਲੀਆਂ ਦਾ ਦੌਰ ਚਲ ਰਿਹਾ ਹੈ। ਪੰਜਾਬ ਵਿੱਚ ਭਾਵੇਂ ਇਹ ਵੋਟਾਂ ਭਾਰਤ ਦੇ ਬਾਕੀ ਸੂਬਿਆਂ ਤੋਂ ਬਾਅਦ ਵਿੱਚ 1 ਜੂਨ 2024 ਨੂੰ ਪੈਣੀਆਂ ਹਨ ਪ੍ਰੰਤੂ ਪੰਜਾਬ ਵਿੱਚ ਸਾਉਣ ਦਾ ਮਹੀਨਾ ਆਉਣ ਤੋਂ 4 ਮਹੀਨੇ ਪਹਿਲਾਂ ਹੀ ਦਲ ਬਦਲੀਆਂ ਦੀ ਬਰਸਾਤ ਸ਼ੁਰੂ ਹੋ ਗਈ ਹੈ। ਜੇਕਰ ਇਹ ਕਹਿ ਲਈਏ ਕਿ ਦਲ ਬਦਲੀਆਂ ਦੀ ਬੇਮੌਸਮੀ ਝੜੀ ਹੀ ਲੱਗ ਗਈ ਹੈ ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਅਜੇ ਵੀ ਸਿਆਸੀ ਦਲ ਬਦਲੀਆਂ ਦੇ ਬੱਦਲ ਗਰਜ ਰਹੇ ਹਨ ਤੇ ਕਾਲੀਆਂ ਘਟਾਵਾਂ ਸਿਆਸੀ ਅਸਮਾਨ ਵਿੱਚ ਚੜ੍ਹੀਆਂ ਹੋਈਆਂ ਲੁਕਣਮੀਟੀ ਖੇਡ ਰਹੀਆਂ ਹਨ, ਇਹ ਕਿਸੇ ਵੀ ਮੌਕੇ ਵਰਸ ਸਕਦੀਆਂ ਹਨ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਿਆਸਤਦਾਨਾ ਦੀਆਂ ਮੰਡੀਆਂ ਲੱਗੀਆਂ ਹੋਈਆਂ ਹਨ, ਵਧੇਰੇ ਬੋਲੀਆਂ ਦੇਣ ਵਾਲੇ ਖ੍ਰੀਦ ਰਹੇ ਹਨ। ਹਾਲਾਂ ਕਿ 2019 ਦੀਆਂ ਲੋਕ ਸਭਾ ਚੋਣਾ ਸਮੇਂ ਲਗਪਗ 80 ਨੇਤਾਵਾਂ ਨੇ ਦਲ ਬਦਲ ਕੇ ਚੋਣਾ ਲੜੀਆਂ ਸਨ, ਜਿਨ੍ਹਾਂ ਵਿੱਚੋਂ ਸਿਰਫ ਅੱਧੇ ਹੀ ਚੋਣ ਜਿੱਤ ਸਕੇ ਸਨ। ਪੰਜਾਬ ਵਿੱਚ ਸਿਆਸੀ ਭੰਬਲਭੂਸਾ ਪਿਆ ਹੋਇਆ ਹੈ, ਸਿਆਸਤਦਾਨਾ ਵਿੱਚ ਖਲਬਲੀ ਮੱਚੀ ਪਈ ਹੈ। ਦਲ ਬਦਲੀਆਂ ਵੀ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ ਅਤੇ ਰਾਜ ਚਲਾ ਰਹੀ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਕਰ ਰਹੇ ਹਨ। ਸਭ ਤੋਂ ਵੱਧ ਖ਼ੋਰਾ ਕਾਂਗਰਸ ਪਾਰਟੀ ਨੂੰ ਲੱਗ ਰਿਹਾ ਹੈ। ਦੂਜੇ ਨੰਬਰ ਤੇ ਆਮ ਆਦਮੀ ਪਾਰਟੀ ਆਉਂਦੀ ਹੈ, ਜਿਸ ਦੇ ਨੇਤਾ ਧੜਾਧੜ ਪਾਰਟੀ ਨੂੰ ਅਲਵਿਦਾ ਕਹਿ ਰਹੇ ਹਨ। ਹਾਲਾਂ ਕਿ ਰਾਜ ਕਰ ਰਹੀ ਪਾਰਟੀ ਵਿੱਚੋਂ ਆਮ ਤੌਰ ਤੇ ਦਲ ਬਦਲੀ ਨਹੀਂ ਹੋਣੀ ਚਾਹੀਦੀ, ਜਦੋਂ ਕਿ ਵਿਧਾਨ ਸਭਾ ਵਿੱਚ ਉਨ੍ਹਾਂ ਕੋਲ ਵੱਡਾ ਬਹੁਮਤ ਹੈ। ਪਟਿਆਲਾ ਤੋਂ ਕਾਂਗਰਸ ਪਾਰਟੀ ਦੀ ਲੋਕ ਸਭਾ ਮੈਂਬਰ ਮਹਾਰਾਣੀ ਪਰਨੀਤ ਕੌਰ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਦਲ ਬਦਲੀਆਂ ਦਾ ਮਹੂਰਤ ਕੀਤਾ ਸੀ। ਪਰਨੀਤ ਕੌਰ 4 ਵਾਰ ਪਟਿਆਲਾ ਸੰਸਦੀ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਅਤੇ 2009 ਤੋਂ 2014 ਤੱਕ ਡਾ.ਮਨਮੋਹਨ ਸਿੰਘ ਦੀ ਸਰਕਾਰ ਵਿੱਚ ਕੇਂਦਰੀ ਵਿਦੇਸ਼ ਰਾਜ ਮੰਤਰੀ ਰਹੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਨੇਤਾ ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ੍ਹ ਲਿਆ ਹੈ। ਉਹ 2022 ਵਿੱਚ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ ਅਤੇ ਇਸ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਲੀਡਰ ਸਨ। ਉਸ ਤੋਂ ਬਾਅਦ ਬਸੀ ਪਠਾਣਾ ਤੋਂ ਕਾਂਗਰਸ ਪਾਰਟੀ ਦੇ 2017 ਵਿੱਚ ਚੁਣੇ ਗਏ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ.ਨੇ ਵੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ। ਗੁਰਪ੍ਰੀਤ ਸਿੰਘ ਜੀ.ਪੀ. ਨੂੰ ਫਤਿਹਗੜ੍ਹ ਸਾਹਿਬ ਰਾਖਵੀਂ ਸੀਟ ਤੋਂ ਆਮ ਆਦਮੀ ਪਾਰਟੀ ਨੇ ਉਮੀਦਵਾਰ ਬਣਾਇਆ ਹੈ। ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਤਿੰਨ ਵਾਰ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਰਵਨੀਤ ਸਿੰਘ ਬਿੱਟੂ ਮਰਹੂਮ ਮੁੱਖ ਮੰਤਰੀ ਸ੍ਰ.ਬੇਅੰਤ ਸਿੰਘ ਦਾ ਪੋਤਰਾ ਹੈ। ਬਿੱਟੂ ਲੋਕ ਸਭਾ ਵਿੱਚ ਕਾਂਗਰਸ ਪਾਰਟੀ ਦੇ ਚੀਫ਼ ਅਤੇ ਵਿਰੋਧੀ ਧਿਰ ਦਾ ਨੇਤਾ ਵੀ ਰਿਹਾ ਹੈ। ਉਹ ਰਾਹੁਲ ਗਾਂਧੀ ਦਾ ਚਹੇਤਾ ਗਿਣਿਆਂ ਜਾਂਦਾ ਸੀ। ਸ੍ਰ.ਬੇਅੰਤ ਸਿੰਘ ਪੰਜਾਬ ਦੇ ਮਾੜੇ ਅਫ਼ਰਾ ਤਫ਼ਰੀ ਵਾਲੇ ਦਿਨਾ ਵਿੱਚ ਸਾਢੇ 9 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਰਿਹਾ। 19 ਫਰਵਰੀ 1992 ਨੂੰ ਉਨ੍ਹਾਂ ਦੀ ਅਗਵਾਈ ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 92 ਵਿਧਾਨ ਸਭਾ ਦੀਆਂ ਸੀਟਾਂ ਜਿੱਤੀਆਂ ਸਨ। 31 ਜਨਵਰੀ 1995 ਨੂੰ ਉਹ ਮੁੱਖ ਮੰਤਰੀ ਹੁੰਦਿਆਂ ਸਿਵਲ ਸਕੱਤਰੇਤ ਦੇ ਬਾਹਰ ਇਕ ਬੰਬ ਬਲਾਸਟ ਵਿੱਚ ਸਵਰਗਵਾਸ ਹੋ ਗਏ ਸਨ। ਰਵਨੀਤ ਸਿੰਘ ਬਿੱਟੂ ਪੰਜਾਬ ਯੂਥ ਕਾਂਗਰਸ ਦਾ ਪਹਿਲਾ ਚੁਣਿਆਂ ਹੋਇਆ ਪ੍ਰਧਾਨ ਸੀ। ਉਸ ਤੋਂ ਬਾਅਦ ਉਹ ਰੂਪ ਨਗਰ ਦੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ 2009, ਲੁਧਿਆਣਾ ਤੋਂ 2014 ਅਤੇ 2019 ਵਿੱਚ ਮੈਂਬਰ ਚੁਣੇ ਗਏ ਸਨ। ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਸ਼ੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਵੀ ਅਸਤੀਫ਼ੇ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਸ਼ੁਸ਼ੀਲ ਕੁਮਾਰ ਰਿੰਕੂ 2017 ਵਿੱਚ ਜਲੰਧਰ ਪੱਛਵੀਂ ਤੋਂ ਸ਼ੀਤਲ ਅੰਗੁਰਾਲ ਨੂੰ ਹਰਾ ਕੇ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ। ਉਹ ਜਲੰਧਰ ਉਪ ਚੋਣ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਵਿੱਚੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਜਨਵਰੀ 2023 ਵਿੱਚ ਕਾਂਗਰਸ ਦੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰ ਪੈਣ ਕਰਕੇ ਅਚਾਨਕ ਸਵਰਗਵਾਸ ਹੋ ਜਾਣ ਤੋਂ ਬਾਅਦ ਉਹ 13 ਮਈ 2023 ਨੂੰ ਹੋਈ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਲੋਕ ਸਭਾ ਲਈ ਚੁਣੇ ਗਏ ਸਨ। ਭਾਰਤੀ ਜਨਤਾ ਪਾਰਟੀ ਨੇ ਪਰਨੀਤ ਕੌਰ, ਰਵਨੀਤ ਸਿੰਘ ਬਿੱਟੂ, ਸ਼ੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਨੇ ਗੁਰਪ੍ਰੀਤ ਸਿੰਘ ਜੀ.ਪੀ.ਨੂੰ ਟਿਕਟਾਂ ਦੇ ਕੇ ਨਿਵਾਜਿਆ ਹੈ। ਤਰਨਜੀਤ ਸਿੰਘ ਸੰਧੂ ਦੇਸ਼ ਭਗਤ ਤੇਜਾ ਸਿੰਘ ਸਮੁੰਦਰੀ ਦਾ ਪੋਤਰੇ ਤੇ ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਹਨ। ਉਹ ਵਿਦੇਸ਼ ਸੇਵਾ ਵਿੱਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਬੀ.ਜੇ.ਪੀ.ਨੇ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਹੈ। ਤੇਜਾ ਸਿੰਘ ਸਮੁੰਦਰੀ ਸਿਰਮੌਰ ਅਕਾਲੀ ਸਨ, ਜਿਨ੍ਹਾਂ ਦੀ ਯਾਦ ਵਿੱਚ ਸ਼ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਬਣਿਆਂ ਹੋਇਆ ਹੈ। ਇਨ੍ਹਾਂ ਦਲ ਬਦਲੀਆਂ ਨੂੰ ਵੇਖਕੇ ਇਉਂ ਮਹਿਸੂਸ ਹੋ ਰਿਹਾ ਹੈ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਕੋਲ ਲੋਕ ਸਭਾ ਦੀਆਂ ਚੋਣਾਂ ਲੜਨ ਲਈ ਯੋਗ ਉਮੀਦਵਾਰ ਹੀ ਨਹੀਂ ਹਨ, ਜਿਸ ਕਰਕੇ ਉਹ ਦੂਜੀਆਂ ਪਾਰਟੀਆਂ 'ਚੋਂ ਦਲ ਬਦਲੀ ਕਰਵਾ ਰਹੇ ਹਨ। ਲੋਕਤੰਤਰ ਵਿੱਚ ਇਹ ਰੁਝਾਨ ਬੜਾ ਖ਼ਤਰਨਾਕ ਸਾਬਤ ਹੋ ਸਕਦਾ ਹੈ। ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਭਾਰਤੀ ਜਨਤਾ ਪਾਰਟੀ ਸਰਕਾਰੀ ਤੰਤਰ ਈ.ਡੀ.ਅਤੇ ਸੀ.ਬੀ.ਆਈ.ਦੇ ਦਬਾਅ ਨਾਲ ਇਨ੍ਹਾਂ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਰਹੇ ਹਨ। ਪ੍ਰੰਤੂ ਸੋਚਣ ਵਾਲੀ ਗੱਲ ਹੈ ਕਿ ਜਦੋਂ ਆਪਣੇ ਸਿੱਕੇ ਹੀ ਖੋਟੇ ਹੋਣ ਫਿਰ ਦੁਕਾਨਦਾਰ ਤੇ ਦੋਸ਼ ਕਿਵੇਂ ਦਿੱਤਾ ਜਾ ਸਕਦਾ ਹੈ। ਸਿਆਸਤਦਾਨ ਇਕ ਦੂਜੀ ਪਾਰਟੀ ਦੇ ਨੇਤਾਵਾਂ ਨੂੰ ਭਰਿਸ਼ਟਾਚਾਰ ਵਿੱਚ ਲਿਪਟੇ ਹੋਏ ਕਹਿੰਦੇ ਹਨ ਪ੍ਰੰਤੂ ਜਦੋਂ ਉਨ੍ਹਾਂ ਦੀਆਂ ਪਾਰਟੀਆਂ ਵਿੱਚ ਇਹ ਨੇਤਾ ਸ਼ਾਮਲ ਹੁੰਦੇ ਹਨ ਤਾਂ ਉਹ ਇਮਾਨਦਾਰ ਕਿਵੇਂ ਹੋ ਜਾਂਦੇ ਹਨ? ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚੋਂ ਵੀ ਦਲ ਬਦਲੀਆਂ ਹੋ ਰਹੀਆਂ ਹਨ। ਸੁਖਦੇਵ ਸਿੰਘ ਢੀਂਡਸਾ ਨੇ ਆਪਣਾ ਸੰਯੁਕਤ ਅਕਾਲੀ ਦਲ, ਸ਼ਰੋਮਣੀ ਅਕਾਲੀ ਦਲ ਵਿੱਚ ਮਰਜ ਕਰਕੇ ਵਾਪਸ ਆ ਗਿਆ ਹੈ। ਏਸੇ ਤਰ੍ਹਾਂ ਬੀਬੀ ਜਾਗੀਰ ਕੌਰ ਨੇ ਵੀ ਮੁੜਕੇ ਅਕਾਲੀ ਦਲ ਦਾ ਪੱਲਾ ਫੜ੍ਹ ਲਿਆ ਹੈ। ਲਵ ਕੁਮਾਰ ਗੋਲਡੀ ਅਤੇ ਮਲਕੀਤ ਸਿੰਘ ਬੀਰਮੀ ਦੋਵੇਂ ਸਾਬਕਾ ਵਿਧਾਨਕਾਰਾਂ ਨੇ ਕਰਮਵਾਰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਲਵ ਕੁਮਾਰ ਗੋਲਡੀ 2004 ਅਤੇ 2009 ਵਿੱਚ ਗੜ੍ਹਸ਼ੰਕਰ ਹਲਕੇ ਤੋਂ ਕਾਂਗਰਸ ਪਾਰਟੀ ਦੇ ਵਿਧਾਨਕਾਰ ਰਹੇ ਹਨ। 2022 ਵਿੱਚ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਛੱਡ ਗਏ ਸਨ, ਫਿਰ ਕੈਪਟਨ ਨਾਲ ਹੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਮਲਕੀਤ ਸਿੰਘ ਬੀਰਮੀ 1992 ਵਿੱਚ ਲੁਧਿਆਣਾ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ, ਉਹ ਹਰਚਰਨ ਸਿੰਘ ਬਰਾੜ ਦੇ ਮੰਤਰੀ ਮੰਡਲ ਵਿੱਚ ਮੰਤਰੀ ਰਹੇ ਹਨ। ਉਹ ਕਾਂਗਰਸ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚੋਂ ਵੀ ਛੋਟੇ ਮੋਟੇ ਨੇਤਾ ਖਿਸਕ ਰਹੇ ਹਨ। ਪ੍ਰੇਮ ਸਿੰਘ ਚੰਦੂਮਾਜਰਾ ਦਾ ਭਾਣਜਾ ਹਰਵਿੰਦਰ ਸਿੰਘ ਹਰਪਾਲਪੁਰ ਅਤੇ ਪ੍ਰਿੰਸੀਪਲ ਡਾ.ਤੇਜਾ ਸਿੰਘ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਕੁਝ ਇਸ ਦਲ ਬਦਲੀ ਨੂੰ ਘਰ ਵਾਪਸੀ ਦਾ ਨਾਮ ਦੇ ਰਹੇ ਹਨ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ, ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।




Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਨਿਵੇਕਲੀ ਸ਼ੈਲੀ 'ਚ ਗਾਉਣ ਵਾਲੀ ਫ਼ਕੀਰ ਗਾਇਕਾ 'ਉਮਦਾ ਮਾਛਣ' ਉਰਫ਼ 'ਦੁੱਕੀ ਮਾਛਣ'



ਬਲਵਿੰਦਰ ਸਿੰਘ ਭੁੱਲਰ

ਸਦੀਆਂ ਤੋਂ ਅਜਿਹੇ ਇਨਸਾਨ ਦੁਨੀਆਂ 'ਚ ਜਨਮ ਲੈਂਦੇ ਆਏ ਹਨ, ਜਿਹਨਾਂ ਦੁੱਖਾਂ ਤਕਲੀਫ਼ਾਂ ਨੂੰ ਪਰ੍ਹੇ ਸੁੱਟ ਕੇ ਸਮਝ ਤੇ ਦ੍ਰਿੜਤਾ ਨਾਲ ਨਵੇਂ ਰਸਤਿਆਂ ਤੇ ਤੁਰਨ ਦਾ ਹੌਂਸਲਾ ਕੀਤਾ ਤੇ ਸਫ਼ਲ ਹੋਏ। ਅਜਿਹੀ ਹੀ ਪੰਜਾਬੀ ਗਾਇਕਾ ਸੀ, ਉਮਦਾ ਮਾਛਣ ਉਰਫ ਦੁੱਕੀ ਮਾਛਣ। ਉਹ ਪੰਜਾਬੀ ਔਰਤ ਸਟੇਜੀ ਗਾਇਕੀ ਦਾ ਮੁੱਢ ਬੰਨ੍ਹਣ ਵਾਲੀਆਂ ਚੋਂ ਸਾਂਝੇ ਪੰਜਾਬ ਦੀ ਇੱਕ ਨਿਵੇਕਲੀ ਸ਼ੈਲੀ ਵਿੱਚ ਗਾਉਣ ਵਾਲੀ ਗਾਇਕਾ ਸੀ। ਭਾਰਤ ਪਾਕਿ ਵੰਡ ਤੋਂ ਪਹਿਲਾਂ ਫਿਰੋਜਪੁਰ ਵਿੱਚ ਪੰਜਾਬੀ ਦੀਆਂ ਦੋ ਹੀ ਔਰਤ ਗਾਇਕਾਵਾਂ ਸਨ, ਦੁੱਕੀ ਮਾਛਣ ਤੇ ਮਿਸ ਨਵਾਬ। ਇਹਨਾਂ ਚੋਂ ਮਿਸ ਨਵਾਬ ਬਾਅਦ ਵਿੱਚ ਤਵਾਇਫ਼ ਬਣ ਗਈ ਸੀ, ਪਰ ਦੁੱਕੀ ਨੇ ਆਪਣੀ ਗਾਇਕੀ ਨੂੰ ਸ਼ਿਖ਼ਰਾਂ ਤੱਕ ਪਹੁੰਚਾਇਆ ਤੇ ਚੰਗਾ ਮਾਣ ਹਾਸਲ ਕੀਤਾ। ਮਾਛੀ ਮੁਸਲਮਾਨਾਂ ਦੀ ਇੱਕ ਗਰੀਬ ਜਾਤੀ ਸੀ, ਜੋ ਲੋਕਾਂ ਦੇ ਘਰਾਂ ਵਿੱਚ ਮਸਕਾਂ ਨਾਲ ਪਾਣੀ ਭਰਿਆ ਕਰਦੇ ਸਨ। ਮਾਛੀ ਪਰਿਵਾਰ ਵਿੱਚ ਦੁੱਕੀ ਦਾ ਜਨਮ 1910 ਦੇ ਲੱਗਭੱਗ ਮੰਨਿਆਂ ਜਾਂਦਾ ਹੈ, ਉਹ ਉਸ ਸਮੇਂ ਜਿਲ੍ਹਾ ਫਿਰੋਜਪੁਰ ਦੇ ਪਿੰਡ ਸੁਬਾਜ ਕੇ, ਜਿਸਨੂੰ ਅੱਜ ਕੱਲ੍ਹ ਪ੍ਰਭਾਤ ਸਿੰਘ ਵਾਲਾ ਕਿਹਾ ਜਾਂਦਾ ਹੈ, ਵਿਖੇ ਪਿਤਾ ਖੁਸ਼ੀ ਮੁਹੰਮਦ ਦੇ ਘਰ ਮਾਤਾ ਬੀਬੀ ਫਾਤਿਮਾ ਦੇ ਪੇਟੋਂ ਜਨਮੀ। ਉਹ ਮਾਪਿਆਂ ਦੀ ਇਕਲੌਤੀ ਔਲਾਦ ਸੀ ਅਤੇ ਉਹ ਪੰਜ ਕੁ ਸਾਲ ਦੀ ਹੀ ਜਦੋਂ ਉਸਦੇ ਮਾਂ ਬਾਪ ਦੀ ਮੌਤ ਹੋ ਗਈ ਸੀ। ਮਾਪਿਆਂ ਦੀ ਕੋਈ ਜ਼ਮੀਨ ਜਾਇਦਾਦ ਨਹੀਂ ਸੀ, ਇਸ ਲਈ ਉਹ ਏਨੀ ਛੋਟੀ ਉਮਰ ਤੋਂ ਹੀ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜ ਕੇ ਜਾਂ ਹੋਰ ਕੰਮ ਕਰਕੇ ਆਪਣੀ ਭੁੱਖ ਮਿਟਾਉਂਦੀ ਰਹੀ। ਉਹ ਦੁਖੀ ਹੁੰਦੀ ਤਾਂ ਆਪਣੇ ਦੁੱਖਾਂ ਨੂੰ ਉੱਚੀ ਉੱਚੀ ਬੋਲਣ ਲੱਗ ਜਾਂਦੀ, ਉਸਦੇ ਦੁੱਖ ਹੂਕ ਬਣਕੇ ਨਿਕਲਦੇ ਇਹਨਾਂ ਵਿੱਚ ਦਰਦ ਹੁੰਦਾ। ਇਸ ਦਰਦ ਦੀਆਂ ਚੀਸਾਂ ਨੇ ਹੀ ਉਸ ਦੇ ਦਿਲ 'ਚ ਗਾਉਣ ਦਾ ਸ਼ੌਕ ਪੈਦਾ ਕਰ ਦਿੱਤਾ। ਉਸਦੀ ਆਵਾਜ਼ ਵਿੱਚ ਅਥਾਹ ਦਮ ਸੀ। ਪਿੰਡ ਸੁਬਾਜ ਕੇ ਵਿਖੇ ਇੱਕ ਪੀਰ ਮੁਹੰਮਦ ਸ਼ਾਹ ਦੀ ਮਜ਼ਾਰ ਹੈ, ਜਿੱਥੇ ਹਰ ਸਾਲ ਮੇਲਾ ਲਗਦਾ ਸੀ। ਉੱਥੇ ਦੂਰੋਂ ਦੂਰੋਂ ਕਲਾਕਾਰ ਤੇ ਨਚਾਰ ਆਉਂਦੇ ਤੇ ਆਪਣੇ ਕਲਾਮ ਗੀਤ ਨਾਚ ਪੇਸ਼ ਕਰਦੇ। ਦੁੱਕੀ ਵੀ ਇਸ ਮੇਲੇ ਵਿੱਚ ਆਪਣਾ ਸ਼ੌਕ ਪੂਰਾ ਕਰਨ ਲਈ ਨਚਾਰਾਂ ਨੂੰ ਵੇਖਦਿਆਂ ਝਾਂਜਰਾਂ ਪਾ ਕੇ ਨੱਚਣ ਲੱਗ ਜਾਂਦੀ ਤੇ ਗਾਉਂਦੀ। ਉਸਦੀ ਗਾਉਣ ਦੀ ਸ਼ੈਲੀ ਨਿਵੇਕਲੀ ਸੀ, ਜਿਵੇਂ ਤਾਰਾ ਚੜ੍ਹਦੇ ਨਾਲ ਕਿਸਾਨ ਖੇਤਾਂ ਵਿੱਚ ਹਲ ਜੋੜ ਕੇ ਆਵਾਜ਼ਾਂ ਕੱਢਦੇ ਲੰਬੀ ਹੇਕ ਨਾਲ ਕਲੀਆਂ ਲਾਉਂਦੇ ਹੁੰਦੇ ਸਨ। ਉਸੇ ਤਰਜ਼ ਤੇ ਉਹ ਦੋਹਰੇ ਛੰਦ ਉੱਚੀ ਸੁਰ ਵਿੱਚ ਗਾਇਆ ਕਰਦੀ ਸੀ। ਉਸਦੇ ਗਾਉਣ ਨੂੰ ਪਸੰਦ ਕਰਕੇ ਜਦੋਂ ਲੋਕਾਂ ਨੇ ਸਲਾਹਿਆ ਤਾਂ ਦੁੱਕੀ ਨੇ ਹੌਂਸਲਾ ਕਰਕੇ ਇੱਕ ਹਿੰਦੂ ਗਾਇਕ ਖੁਸ਼ੀ ਰਾਮ ਨੂੰ ਉਸਤਾਦ ਧਾਰ ਕੇ ਉਸਤੋਂ ਸਿੱਖਿਆ ਲਈ। ਜਦ ਉਹ ਗਾਇਕਾ ਪ੍ਰਵਾਨ ਹੋ ਗਈ ਤਾਂ ਮੇਲੇ ਦੀ ਸ਼ਾਨ ਸਮਝੀ ਜਾਣ ਲੱਗੀ। ਜਦੋਂ ਉਹ ਗਾਇਕੀ ਪੇਸ਼ ਕਰਦੀ ਤਾਂ ਸਰੋਤੇ ਮੰਤਰ ਮੁਗਧ ਹੋ ਕੇ ਸੁਣਦੇ। ਉਹ ਲੋਕਗੀਤ ਜਾਂ ਲੋਕ ਕਥਾ ਗਾਉਂਦੀ ਉੱਚੀ ਸੁਰ 'ਚ ਆਵਾਜ਼ ਕੱਢਦੀ :

ਓ ਮੇਰਿਆ ਵੇਲੀਆ<br>
ਅੜਿਆ ਸ਼ੀਸ਼ੀ ਭਰੀ ਸ਼ਰਾਬ ਦੀ<br>
ਬੇਲੀਆ ਨਿੱਤਰੀ ਵਾਂਗ ਕਪੂਰ<br>
ਵੇ ਮੈਨੂੰ ਸੁੱਤੀ ਨੂੰ ਕਿਵੇਂ ਦਿਨ ਚੜ੍ਹ ਗਿਆ<br>
ਵੇ ਮੈਂ ਖੇਲਣ ਜਾਣਾ ਦੂਰ<br>
ਅੜਿਆ ਕੱਲ੍ਹ ਚੜਾਈਆਂ ਵੇ ਚੂੜੀਆਂ<br>
ਅੱਜ ਹੋ ਗਈਆਂ ਚਕਨਾਚੂਰ

ਉਹ ਸਰੋਤਿਆਂ ਨੂੰ ਬੰਨ੍ਹ ਕੇ ਬਿਠਾ ਲੈਂਦੀ। ਉਸਦੀ ਆਵਾਜ਼ ਤੋਂ ਪ੍ਰਭਾਵਿਤ ਹੋਏ ਸੱਥ ਵਿੱਚ ਬੈਠੇ ਬਜੁਰਗ ਉਸਨੂੰ ਤੁਰੀ ਜਾਂਦੀ ਨੂੰ ਰੋਕ ਕੇ ਕੁੱਝ ਸੁਣਾਉਣ ਲਈ ਕਹਿੰਦੇ ਤਾਂ ਉਹ ਉੱਥੇ ਹੀ ਖੜ ਕੇ ਕੰਨ ਤੇ ਹੱਥ ਧਰ ਕੇ ਹੇਕ ਲਾਉਂਦੀ :

ਰੋੜਾਂ ਠੀਕਰੀਆਂ ਤੇ ਆਸਣ ਜੰਮ ਗਿਆ ਸਾਧਾਂ ਦਾ<br>
ਓ ਔਖੀ ਘਾਟੀ ਰਾਂਝਿਆ ਮਿਲੇਗੀ ਫਕੀਰੀ।

ਸਰੋਤੇ ਉਸਦੀ ਆਵਾਜ਼ ਸੁਣ ਕੇ ਅਸ਼ ਅਸ਼ ਕਰ ਉੱਠਦੇ, ਸ਼ਾਬਾਸ਼ ਦਿੰਦੇ ਅਤੇ ਸਮੁੱਚੇ ਪਿੰਡ ਦੀ ਸਾਂਝੀ ਧੀ ਕਹਿ ਕੇ ਮਾਣ ਕਰਦੇ। ਔਰਤ ਦੇ ਦੁੱਖਾਂ ਨੂੰ ਫਰੋਲਦੀ ਉਹ ਪੇਸ਼ ਕਰਦੀ :

ਨੀ ਤੇਰੇ ਬਾਬਲ ਅੜੀਏ ਨੀ ਕਾਜ਼ ਸਵਾਰੇ।<br>
ਖੇਤੀ ਵਾਲਿਆ ਖੇਤੀ ਅੱਜ ਸਾਂਭ ਲਈ<br>
ਪਿੱਛੇ ਰਹਿਗੇ ਅੜੀਏ ਬਾਜੀਆਂ ਹਾਰੇ।

ਲੋਕ ਕਥਾਵਾਂ ਤੇ ਲੋਕ ਗੀਤਾਂ ਨੂੰ ਹੀ ਉਹ ਕਲੀ ਦੇ ਰੂਪ ਵਿੱਚ ਪੇਸ਼ ਕਰਿਆ ਕਰਦੀ ਸੀ। ਉਸਦੀ ਆਵਾਜ਼ ਵਿੱਚ ਦਰਦ ਸੀ, ਗੂੰਜ ਸੀ। ਉਹ ਜਦ ਬਿਰਹਾ ਵਿਛੋੜੇ ਦੇ ਗੀਤ ਪੇਸ਼ ਕਰਦੀ ਤਾਂ ਖੁਦ ਅੱਖਾਂ ਚੋਂ ਅੱਥਰੂ ਕੇਰਦੀ ਰਹਿੰਦੀ ਅਤੇ ਕਈ ਵਾਰ ਦਰਸ਼ਕਾਂ ਨੂੰ ਵੀ ਹੰਝੂ ਸੁੱਟਣ ਲਈ ਮਜਬੂਰ ਕਰ ਦਿੰਦੀ।

ਭੇਜ ਵਾਪਿਸ ਹੀਰੇ, ਮੁੜ ਜਾਈਏ ਘਰਾਂ ਨੂੰ<br>
ਕਾਹਨੂੰ ਦੇਨੀ ਏਂ, ਅੜੀਏ ਝੂਠੇ ਨੀ ਲਾਰੇ।




ਛੋਟੀ ਉਮਰ ਵਿੱਚ ਹੀ ਉਸਦਾ ਵਿਆਹ ਰਿਸਤੇਦਾਰੀ ਚੋਂ ਚਾਚੇ ਦੇ ਮੁੰਡੇ ਨਾਲ ਪਿੰਡ 'ਬੱਗੇ ਕੇ ਹਿਠਾੜ' ਕਰ ਦਿੱਤਾ। ਪਰ ਉਸਦੇ ਦੁੱਖ ਅਜੇ ਮੁੱਕੇ ਨਹੀਂ ਸਨ, ਵਿਆਹ ਤੋਂ ਕੁੱਝ ਸਮੇਂ ਬਾਅਦ ਹੀ ਉਸਦੇ ਪਤੀ ਦੀ ਮੌਤ ਹੋ ਗਈ। ਇਸਦੇ ਕੋਈ ਬੱਚਾ ਵੀ ਨਹੀਂ ਸੀ, ਪਰ ਉਸਤੋਂ ਬਾਅਦ ਉਸਨੇ ਵਿਆਹ ਦਾ ਖਿਆਲ ਸਦਾ ਲਈ ਤਿਆਗ ਦਿੱਤਾ ਅਤੇ ਆਪਣੇ ਆਪ ਨੂੰ ਗਾਇਕੀ ਲਈ ਸਮਰਪਣ ਕਰ ਲਿਆ। ਸੰਨ 1938 ਵਿੱਚ ਉਸ ਸਮੇਂ ਦੀ ਪ੍ਰਸਿੱਧ ਗਰਾਮੋਫੋਨ ਕੰਪਨੀ ਨੇ ਉਸ ਨਾਲ ਸੰਪਰਕ ਕੀਤਾ ਤਾਂ ਜੋ ਉਸਦੇ ਗਾਏ ਗੀਤਾਂ ਨੂੰ ਰਿਕਾਰਡ ਕੀਤਾ ਜਾ ਸਕੇ। 1939 ਵਿੱਚ ਉਸਦਾ ਪਹਿਲਾ ਗੀਤ ਪੱਥਰ ਦੇ ਤਵੇ ਤੇ ਰਿਕਾਰਡ ਹੋ ਕੇ ਮਾਰਕੀਟ ਵਿੱਚ ਆਇਆ, ਜਿਸਦਾ ਨੰਬਰ ਐੱਫ 12706 ਸੀ। ਇਸ ਉਪਰੰਤ ਉਸਦੇ ਹੋਰ ਕਈ ਰਿਕਾਰਡ ਬਜ਼ਾਰ ਵਿੱਚ ਆਏ। ਉਦੋਂ ਵਿਆਹਾਂ ਸਮੇਂ ਕੋਠਿਆਂ ਤੇ ਮੰਜੇ ਖੜੇ ਕਰਕੇ ਸਪੀਕਰ ਲਾਏ ਜਾਇਆ ਕਰਦੇ ਸਨ। ਦੁੱਕੀ ਮਾਛਣ ਦੇ ਰਿਕਾਰਡ ਏਨੇ ਮਸਹੂਰ ਹੋ ਗਏ ਕਿ ਜਦ ਵਿਆਹਾਂ ਲਈ ਸਪੀਕਰ ਬੁੱਕ ਕਰਨਾ ਹੁੰਦਾ ਤਾਂ ਲੋਕ ਸਪੀਕਰ ਵਾਲੇ ਨੂੰ ਪੁੱਛਦੇ ਕਿ ਤੇਰੇ ਕੋਲ ਦੁੱਕੀ ਦੇ ਰਿਕਾਰਡ ਹੈਗੇ ਨੇ। ਜੇ ਉਸਦੇ ਰਿਕਾਰਡ ਨਾ ਹੁੰਦੇ ਤਾਂ ਸਪੀਕਰ ਬੁੱਕ ਨਹੀਂ ਸਨ ਕਰਦੇ।

ਇਲਾਕੇ ਵਿੱਚ ਦੁੱਕੀ ਮਾਛਣ ਗਾਇਕੀ ਵਜੋਂ ਬਹੁਤ ਮਸਹੂਰ ਹੋ ਗਈ, ਤਾਂ ਉਹ ਇੱਕ ਨਵੀਂ ਮੁਸੀਬਤ ਵਿੱਚ ਫਸ ਗਈ। ਲਾਹੌਰ ਦੇ ਇੱਕ ਨਵਾਬ ਨੇ ਉਸਦੀ ਗਾਇਕੀ ਸੁਣਨ ਲਈ ਉਸਨੂੰ ਲਾਹੌਰ ਬੁਲਾਇਆ। ਉਸਦੀ ਪੇਸਕਾਰੀ ਤੋਂ ਉਹ ਬਹੁਤ ਜਿਆਦਾ ਪ੍ਰਭਾਵਿਤ ਹੋ ਗਿਆ ਤਾਂ ਉਸਦੇ ਮਨ 'ਚ ਬੇਈਮਾਨੀ ਜਾਗ ਪਈ ਅਤੇ ਉਸਨੂੰ ਵਾਪਸ ਭੇਜਣ ਤੋਂ ਇਨਕਾਰੀ ਹੋ ਗਿਆ। ਉਸਨੂੰ ਹੀਰਾ ਮੰਡੀ ਦੇ ਇੱਕ ਚੁਬਾਰੇ ਵਿੱਚ ਬੰਦੀ ਬਣਾ ਕੇ ਰੱਖ ਲਿਆ। ਪਿੰਡ ਸੁਬਾਜ ਕੇ ਦੇ ਵਸਨੀਕ ਉਸਦੀ ਬਹੁਤ ਕਦਰ ਕਰਦੇ ਸਨ ਤੇ ਪਿੰਡ ਦੀ ਧੀ ਸਵੀਕਾਰ ਕਰਦੇ ਸਨ, ਉਹਨਾਂ ਨੂੰ ਦੁੱਕੀ ਦੇ ਵਾਪਸ ਨਾ ਆਉਣ ਦੀ ਚਿੰਤਾ ਹੋਣ ਲੱਗੀ, ਪਰ ਕਿਤੋਂ ਵੀ ਉਸ ਦੀ ਸੂਹ ਨਾ ਮਿਲੀ। ਇੱਕ ਦਿਨ ਕੋਈ ਮੰਗਤਾ ਹੀਰਾ ਮੰਡੀ ਵਿੱਚ ਮੰਗਦਾ ਹੋਇਆ ਜਦ ਉਸਦੇ ਚੁਬਾਰੇ ਵਾਲੀ ਗਲੀ ਵਿੱਚ ਆਇਆ ਤਾਂ ਉਸਨੇ ਹੇਠਾਂ ਮੰਗਤੇ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਮੇਰੇ ਪਿੰਡ ਸੁਬਾਜ ਕੇ ਵਿਖੇ ਜਾ ਕੇ ਸੁਨੇਹਾ ਦੇ ਦੇਵੇ ਕਿ ਮੈਨੂੰ ਨਵਾਬ ਨੇ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਮੰਗਤੇ ਨੇ ਭਲਾ ਕਰਨ ਦੇ ਇਰਾਦੇ ਨਾਲ ਉਸਦਾ ਸੁਨੇਹਾ ਪਹੁੰਚਾ ਦਿੱਤਾ। ਇਹ ਪਤਾ ਲੱਗਣ ਤੇ ਪਿੰਡ ਦਾ ਇਕੱਠ ਹੋਇਆ ਤੇ ਦੁੱਕੀ ਨੂੰ ਵਾਪਸ ਲਿਆਉਣ ਦਾ ਫੈਸਲਾ ਕੀਤਾ ਗਿਆ। ਨਵਾਬ ਤਾਂ ਵਾਪਸ ਭੇਜਣ ਤੋਂ ਇਨਕਾਰੀ ਸੀ, ਇਸ ਲਈ ਉਸਤੋਂ ਚੋਰੀ ਹੀ ਦੁੱਕੀ ਨੂੰ ਲਿਆਂਦਾ ਜਾ ਸਕਦਾ ਸੀ।

ਪਿੰਡ ਦੇ ਦੋ ਗੱਭਰੂਆਂ ਈਸਰ ਸਿੰਘ ਤੇ ਗੁਰੀਆ ਸਿੰਘ ਨੇ ਦੁੱਕੀ ਨੂੰ ਵਾਪਸ ਲਿਆਉਣ ਦੀ ਜੁਮੇਵਾਰੀ ਲੈ ਲਈ। ਗੁਰੀਆ ਸਿੰਘ, ਜੋਗੀਆਂ ਵਾਲੀ ਬੀਨ ਵਜਾ ਲੈਂਦਾ ਸੀ। ਉਹਨਾਂ ਦੋਵਾਂ ਨੇ ਜੋਗੀਆਂ ਦਾ ਰੂਪ ਧਾਰ ਲਿਆ ਤੇ ਲਾਹੌਰ ਦੀ ਹੀਰਾ ਮੰਡੀ ਪਹੁੰਚ ਗਏ। ਬੀਨ ਸੁਣ ਕੇ ਜਦ ਦੁੱਕੀ ਨੇ ਬਾਹਰ ਦੇਖਿਆ ਤਾਂ ਉਹ ਪਛਾਣ ਕੇ ਹੇਠਾਂ ਆਈ। ਉਹਨਾਂ ਨੌਜਵਾਨਾਂ ਨੇ ਉਸਨੂੰ ਸਮਝਾਇਆ ਕਿ ਅੱਧੀ ਰਾਤ ਅਸੀਂ ਆਵਾਂਗੇ, ਉਦੋਂ ਤੂੰ ਰੱਸੀ ਨਾਲ ਹੇਠਾਂ ਉੱਤਰ ਆਵੀਂ ਤੇ ਆਪਾਂ ਭੱਜ ਚੱਲਾਂਗੇ। ਇਸ ਤਰ੍ਹਾਂ ਉਹ ਰਾਤ ਨੂੰ ਉਸਨੂੰ ਨਵਾਬ ਦੇ ਕਬਜੇ ਤੋਂ ਛੁਡਵਾ ਲਿਆਏ ਅਤੇ ਰਾਤ ਦੇ ਹਨੇਰੇ ਵਿੱਚ ਹੀ ਉਹਨਾਂ ਇੱਕ ਤੁਲੇ ਤੇ ਬੈਠ ਕੇ ਸਤਿਲੁਜ ਦਰਿਆ ਪਾਰ ਕੀਤਾ। ਜਦ ਉਹ ਦਰਿਆ ਦੇ ਅੱਧ ਵਿਚਕਾਰ ਸਨ ਤਾਂ ਨੌਜਵਾਨਾਂ ਨੇ ਆਪਣੀ ਜਿੱਤ ਸਮਝ ਕੇ ਦੁੱਕੀ ਨੂੰ ਕਿਹਾ, "ਤੂੰ ਹੁਣ ਹੇਕ ਲਾ, ਨਵਾਬ ਹੁਣ ਕੁੱਝ ਨਹੀਂ ਕਰ ਸਕਦਾ।" ਦੁੱਕੀ ਨੇ ਹੇਕ ਲਾ ਕੇ ਇੱਕ ਤਰ੍ਹਾਂ ਜਿੱਤ ਦਾ ਜਸ਼ਨ ਮਨਾਇਆ ਤੇ ਦਰਿਆ ਪਾਰ ਕਰਕੇ ਘੋੜੀ ਤੇ ਉਹ ਪਿੰਡ ਆ ਪਹੁੰਚੇ। ਦੁੱਕੀ ਦੇ ਪਿੰਡ ਆਉਣ ਤੇ ਲੋਕਾਂ ਨੇ ਬਹੁਤ ਖੁਸ਼ੀ ਮਨਾਈ ਅਤੇ ਦੋਵੇਂ ਨੌਜਵਾਨਾਂ ਦਾ ਸਤਿਕਾਰ ਕੀਤਾ। ਦੁੱਕੀ ਦੀ ਗਾਇਕੀ ਇਸ ਹੱਦ ਤੱਕ ਪ੍ਰਸਿੱਧ ਹੋ ਗਈ ਕਿ ਦੂਰੋਂ ਦੂਰੋਂ ਜਗੀਰਦਾਰ ਤੇ ਨਵਾਬ ਸੁਣਨ ਲਈ ਉਤਾਵਲੇ ਰਹਿੰਦੇ। ਇੱਕ ਵਾਰ ਜਲਾਲਾਬਾਦ ਸ਼ਹਿਰ ਵਸਾਉਣ ਵਾਲੇ ਜਗੀਰਦਾਰ ਜਲਾਲੂਦੀਨ ਨੇ ਦੁੱਕੀ ਨੂੰ ਗਾਇਕੀ ਸੁਣਨ ਲਈ ਬੁਲਾਇਆ। ਦੁੱਕੀ ਦਾ ਅਖਾੜਾ ਸੁਣ ਕੇ ਉਹ ਇਸ ਕਦਰ ਖੁਸ਼ ਹੋਇਆ ਕਿ ਉਸਨੇ ਕਿਹਾ, "ਦੁੱਕੀ! ਮੰਗ ਜੋ ਕੁੱਝ ਮੰਗਣਾ ਹੈ।" ਦੁੱਕੀ ਇੱਕ ਫਕੀਰੀ ਵਾਲਾ ਜੀਵਨ ਬਤੀਤ ਕਰ ਰਹੀ ਸੀ, ਉਹ ਆਪਣੇ ਨਿੱਜ ਤੋਂ ਉੱਪਰ ਉੱਠ ਚੁੱਕੀ ਸੀ। ਉਸਨੇ ਜਗੀਰਦਾਰ ਨੂੰ ਕਿਹਾ, "ਜਲਾਲਾਵਾਦ ਤੋਂ ਬੱਗੇ ਕੇ ਹਿਠਾੜ ਤੱਕ ਸੜਕ ਬਣਾ ਦਿਓ।" ਜਲਾਲੂਦੀਨ ਉਸਦੀ ਸੋਚ ਤੋਂ ਬਹੁਤ ਪ੍ਰਭਾਵਿਤ ਹੋਇਆ, ਉਸਨੇ ਦੁੱਕੀ ਦੇ ਸਹੁਰੇ ਪਿੰਡ ਤੱਕ ਸੜਕ ਵੀ ਬਣਵਾ ਦਿੱਤੀ ਅਤੇ ਉਹ ਪਿੰਡ 'ਬੱਗੇ ਕੇ ਹਿਠਾੜ' ਵੀ ਦੁੱਕੀ ਨੂੰ ਜਗੀਰ ਵਜੋਂ ਦੇ ਦਿੱਤਾ। ਇਸੇ ਤਰ੍ਹਾਂ ਇੱਕ ਹੋਰ ਜਗੀਰਦਾਰ ਨੇ ਪਿੰਡ 'ਰਾਣਾ' ਦੁੱਕੀ ਨੂੰ ਜਗੀਰ ਵਜੋਂ ਦੇ ਦਿੱਤਾ। ਜਿਸ ਸਦਕਾ ਦੁੱਕੀ ਮਾਛਣ ਦੋ ਪਿੰਡਾਂ ਦੀ ਮਾਲਕ ਬਣੀ। ਸੰਨ 1947 ਵਿੱਚ ਦੇਸ਼ ਦੀ ਵੰਡ ਹੋਈ ਤਾਂ ਦੁੱਕੀ ਨੇ ਮਜਬੂਰਨ ਚੜ੍ਹਦਾ ਪੰਜਾਬ ਛੱਡਣ ਦਾ ਫੈਸਲਾ ਕਰ ਲਿਆ। ਭਾਵੇਂ ਪਿੰਡ ਵਾਸੀ ਉਸਨੂੰ ਭੇਜਣਾ ਤਾਂ ਨਹੀਂ ਸਨ ਚਾਹੁੰਦੇ, ਪਰ ਹਾਲਾਤ ਹੀ ਅਜਿਹੇ ਸਨ ਉਹਨਾਂ ਨੂੰ ਮੰਨਣਾ ਪਿਆ। ਆਖ਼ਰ ਉਹਨਾਂ ਫੈਸਲਾ ਕਰਕੇ ਈਸਰ ਸਿੰਘ ਤੇ ਗੁਰੀਆ ਸਿੰਘ ਨੂੰ ਦੁੱਕੀ ਨਾਲ ਭੇਜਿਆ ਜੋ ਪੂਰੀ ਸੁਰੱਖਿਆ ਨਾਲ ਉਸਨੂੰ ਸਤਿਲੁਜ ਦਰਿਆ ਪਾਰ ਕਰਵਾ ਕੇ ਲਹਿੰਦੇ ਪੰਜਾਬ ਵੱਲ ਛੱਡ ਕੇ ਆਏ। ਇਸ ਉਪਰੰਤ ਉਹ ਪਾਕਪਟਨ ਸ਼ਹਿਰ ਵਿੱਚ ਰਹਿਣ ਲੱਗੀ। ਓਧਰ ਵੀ ਉਸਨੇ ਗਾਇਕੀ ਜਾਰੀ ਰੱਖੀ ਤੇ ਪਾਕਿਸਤਾਨ ਦੇ ਲੋਕਾਂ ਨੇ ਉਸਦੀ ਗਾਇਕੀ ਦੀ ਕਦਰ ਕੀਤੀ। ਪਰ ਦੁੱਕੀ ਦਾ ਪਾਕਿਸਤਾਨ ਵਿੱਚ ਮਨ ਨਾ ਲੱਗਾ ਤੇ ਪੰਜ ਛੇ ਸਾਲਾਂ ਬਾਅਦ ਉਸਦੀ ਮੌਤ ਹੋ ਗਈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਦਹਾਕਿਆਂ ਤੱਕ ਦੋਵੇਂ ਪਿੰਡ ਬੱਗੇ ਕੇ ਹਿਠਾੜ ਤੇ ਰਾਣਾ ਉਸ ਪ੍ਰਸਿੱਧ ਗਾਇਕਾ ਦੁੱਕੀ ਮਾਛਣ ਦੇ ਨਾਂ ਬੋਲਦੇ ਰਹੇ। ਉਸਤੋਂ ਬਾਅਦ ਉਸਦੀ ਮਲਕੀਅਤੀ ਸਥਾਨਕ ਸਰਕਾਰਾਂ ਦੇ ਨਾਂ ਕਰ ਦਿੱਤੀ ਗਈ।

ਦੁੱਕੀ ਮਾਛਣ ਵੱਲੋਂ ਪੰਜਾਬੀ ਬੋਲੀ ਦੀ ਕੀਤੀ ਸੇਵਾ, ਨਿਵੇਕਲੀ ਸ਼ੈਲੀ ਦੀ ਗਾਇਕੀ ਤੇ ਫਕੀਰੀ ਸੁਭਾ ਨੂੰ ਅੱਜ ਵੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕ ਭੁੱਲੇ ਨਹੀਂ ਹਨ।

# ਜ਼ਾਤ ਪਾਤ ਦਾ ਘੋਰ ਵਿਰੋਧੀ ਭਾਰਤ ਦਾ ਪਹਿਲਾ ਧਾਰਮਿਕ ਫਿਰਕਾ, ਨਾਥ ਪੰਥ



ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

ਨਾਥ ਪੰਥ ਭਾਰਤ ਦਾ ਪਹਿਲਾ ਅਜਿਹਾ ਧਾਰਮਿਕ ਫਿਰਕਾ ਹੈ ਜੋ ਕਿਸੇ ਵੀ ਵਿਅਕਤੀ ਨਾਲ ਜ਼ਾਤ ਅਤੇ ਧਰਮ ਦੇ ਨਾਮ 'ਤੇ ਭੇਦ ਭਾਵ ਨਹੀਂ ਕਰਦਾ। ਇਸ ਪੰਥ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਦੀਕਸ਼ਾ ਦਿੱਤੀ ਜਾਂਦੀ ਸੀ। ਇਸ ਧਰਮ ਨੂੰ ਸਿਖਰਾਂ 'ਤੇ ਪਹੁੰਚਾਉਣ ਦਾ ਸਿਹਰਾ ਗੁਰੂ ਗੋਰਖ ਨਾਥ ਦੇ ਸਿਰ ਬੱਝਦਾ ਹੈ। ਉਸ ਦਾ ਜਨਮ 1270 ਈਸਵੀ ਦੇ ਆਸ ਪਾਸ ਪੇਸ਼ਾਵਰ ਜਾਂ ਲਾਹੌਰ ਦੇ ਇਲਾਕੇ ਵਿੱਚ ਹੋਣਾ ਮੰਨਿਆਂ ਜਾਂਦਾ ਹੈ। ਸਮਕਾਲੀ ਇਤਿਹਾਸ ਜਾਂ ਹੋਰ ਠੋਸ ਲਿਖਤੀ ਸਬੂਤਾਂ ਦੀ ਘਾਟ ਕਾਰਨ ਉਸ ਦੇ ਅਸਲ ਜਨਮ ਸਥਾਨ ਅਤੇ ਮਾਤਾ ਪਿਤਾ ਦੇ ਨਾਮ ਬਾਰੇ ਕੋਈ ਪਤਾ ਨਹੀਂ ਚੱਲਦਾ। ਤਰਾਇਣ ਦੀ ਜੰਗ (1192 ਈਸਵੀ) ਵਿੱਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ ਸੀ। ਗੋਰਖ ਨਾਥ ਦੇ ਜਨਮ ਤੱਕ ਤੁਰਕਾਂ ਦਾ ਰਾਜ ਪੇਸ਼ਾਵਰ ਤੋਂ ਲੈ ਕੇ ਬੰਗਾਲ ਤੱਕ ਮਜ਼ਬੂਤੀ ਨਾਲ ਸਥਾਪਿਤ ਹੋ ਚੁੱਕਾ ਸੀ। ਪਰ ਅਫਸੋਸ, ਹਮੇਸ਼ਾਂ ਵਾਂਗ ਸਾਡੇ ਰਾਜੇ ਤੁਰਕਾਂ ਦੇ ਖਿਲਾਫ ਕੋਈ ਮਜ਼ਬੂਤ ਗੱਠਜੋੜ ਕਾਇਮ ਕਰਨ ਦੀ ਬਜਾਏ ਇੱਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣੇ ਹੋਏ ਸਨ ਤੇ ਕਥਿੱਤ ਉੱਚੀਆਂ ਜ਼ਾਤਾਂ ਕਥਿੱਤ ਨੀਵੀਆਂ ਜ਼ਾਤਾਂ 'ਤੇ ਜ਼ੁਲਮ ਢਾਹੁਣ ਵਿੱਚ ਰੁੱਝੀਆਂ ਹੋਈਆਂ ਸਨ।

ਗੋਰਖ ਨਾਥ ਦੇ ਜਨਮ ਸਮੇਂ ਨਾਥ ਮੱਤ ਭਾਰਤ ਵਿੱਚ ਕਾਫੀ ਪ੍ਰਭਾਵੀ ਬਣ ਚੁੱਕਾ ਸੀ। ਗੋਰਖ ਨਾਥ ਨੇ ਯੋਗੀ ਮਛੇਂਦਰ ਨਾਥ ਨੂੰ ਆਪਣਾ ਗੁਰੂ ਧਾਰਿਆ ਤੇ ਉਸ ਕੋਲੋਂ ਧਰਮ ਅਤੇ ਜੋਗ ਦੇ ਗੂੜ੍ਹ ਰਹੱਸਾਂ ਬਾਰੇ ਗਿਆਨ ਹਾਸਲ ਕੀਤਾ। ਮਛੇਂਦਰ ਨਾਥ ਦੀ ਮੌਤ ਤੋਂ ਬਾਅਦ ਗੋਰਖ ਨਾਥ ਨੂੰ ਨਾਥ ਮੱਤ ਦਾ ਮੁਖੀ ਥਾਪਿਆ ਗਿਆ ਸੀ। ਭਾਵੇਂ ਗੋਰਖ ਨਾਥ ਤੋਂ ਪਹਿਲਾਂ ਨਾਥ ਪੰਥ ਦੇ ਆਦੀ ਨਾਥ ਅਤੇ ਮਛੇਂਦਰ ਨਾਥ ਸਮੇਤ ਸੱਤ ਗੁਰੂ ਹੋ ਚੁੱਕੇ ਸਨ, ਪਰ ਨਾਥ ਪੰਥ ਨੇ ਸਭ ਤੋਂ ਵੱਧ ਤਰੱਕੀ ਗੋਰਖ ਨਾਥ ਅਧੀਨ ਹੀ ਕੀਤੀ। ਉਸ ਨੇ ਜਨਤਾ ਵਿੱਚ ਗਿਆਨ ਦੀ ਜੋਤ ਜਗਾਉਣ ਲਈ ਭਾਰਤ ਤੋਂ ਇਲਾਵਾ ਨੇਪਾਲ, ਤਿੱਬਤ, ਅਫਗਾਨਿਸਤਾਨ ਅਤੇ ਸ੍ਰੀ ਲੰਕਾ ਆਦਿ ਦੇਸ਼ਾਂ ਦਾ ਭਰਮਣ ਕੀਤਾ ਤੇ ਜਗ੍ਹਾ ਜਗ੍ਹਾ ਮੱਠਾਂ ਦੀ ਸਥਾਪਨਾ ਕੀਤੀ। ਗੋਰਖ ਨਾਥ ਯੋਗ ਵਿਦਿਆ ਦਾ ਬਹੁਤ ਵੱਡਾ ਗਿਆਨੀ ਸੀ ਤੇ ਉਸ ਨੂੰ ਭਾਰਤ ਵਿੱਚ ਯੋਗ ਨੂੰ ਪ੍ਰਸਿੱਧ ਕਰਨ ਦਾ ਮਾਣ ਹਾਸਲ ਹੈ। ਉਸ ਦੇ ਮੁਤਾਬਕ ਸਿਹਤਮੰਦ ਸਰੀਰ ਦੇ ਅੰਦਰ ਹੀ ਸਿਹਤਮੰਦ ਆਤਮਾ ਹੁੰਦੀ ਹੈ ਤੇ ਸਿਹਤਮੰਦ ਆਤਮਾ ਵਾਲਾ ਵਿਅਕਤੀ ਹੀ ਪ੍ਰਮਾਤਮਾ ਨੂੰ ਹਾਸਲ ਕਰ ਸਕਦਾ ਹੈ। ਉਹ ਪੁਜਾਰੀਵਾਦ ਵੱਲੋਂ ਫੈਲਾਏ ਜਾ ਰਹੇ ਕੂੜ ਅਤੇ ਲੋਕਾਂ ਨੂੰ ਲੁੱਟਣ ਲਈ ਕੀਤੇ ਜਾਂਦੇ ਤੰਤਰ - ਮੰਤਰ, ਚਮਤਕਾਰਾਂ ਅਤੇ ਨੀਚ ਕਰਮ ਕਾਂਡਾਂ ਦਾ ਕੱਟੜ ਵਿਰੋਧੀ ਸੀ। ਉਸ ਵੱਲੋਂ ਜਨਤਾ ਵਿੱਚ ਪ੍ਰਚਾਰ ਕੀਤਾ ਗਿਆ ਕਿ ਧਾਰਮਿਕ ਕਰਮ ਕਾਂਡਾਂ ਵਿੱਚ ਪੈਸਾ ਲੁਟਾਉਣ ਦੀ ਬਜਾਏ ਕਿਸੇ ਇਕਾਂਤ ਜਗ੍ਹਾ 'ਤੇ ਕੁਝ ਦੇਰ ਦੀ ਸਮਾਧੀ ਲਗਾਉਣ ਨਾਲ ਮਨ ਨੂੰ ਜਿਆਦਾ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਗੋਰਖ ਨਾਥ ਨੇ ਵੇਦਾਂ ਅਤੇ ਸ਼ਾਸ਼ਤਰਾਂ ਦਾ ਗੂੜ੍ਹ ਅਧਿਐਨ ਕੀਤਾ ਸੀ। ਉਸ ਨੇ ਲੋਕਾਂ ਵਿੱਚ ਧਾਰਮਿਕ ਤੇ ਸਮਾਜਿਕ ਚੇਤਨਾ ਜਗਾਉਣ ਅਤੇ ਯੋਗ ਦਾ ਪ੍ਰਚਾਰ ਕਰਨ ਲਈ ਗੋਰਖ ਸ਼ਤਕ, ਗੋਰਖ ਸੰਹਿਤਾ, ਗੋਰਖ ਗੀਤਾ, ਸਿੱਧ ਸਿਧਾਂਤ ਪੱਧਤੀ, ਯੋਗ ਮਾਰਤੰਡ ਅਤੇ ਯੋਗ ਸਿਧਾਂਤ ਪੱਧਤੀ ਆਦਿ ਕਈ ਪੁਸਤਕਾਂ ਦੀ ਰਚਨਾ ਕੀਤੀ। ਗੋਰਖ ਨਾਥ ਸਮਾਜਿਕ ਸਮਾਨਤਾ ਦਾ ਹਮਾਇਤੀ ਹੋਣ ਕਾਰਨ ਜ਼ਾਤੀ ਪ੍ਰਥਾ ਦਾ ਘੋਰ ਵਿਰੋਧੀ ਸੀ। ਆਪਣੀ ਪੁਸਤਕ ਸਿੱਧ ਸਿਧਾਂਤ ਪੱਧਤੀ (ਭਾਗ ਤੀਸਰਾ) ਵਿੱਚ ਉਹ ਲਿਖਦਾ ਹੈ ਕਿ ਸ਼ਾਸ਼ਤਰਾਂ ਮੁਤਾਬਕ ਹਿੰਦੂ ਧਰਮ ਦੇ ਚਾਰ ਵਰਣਾਂ (ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ) ਦੀ ਸਥਾਪਨਾ ਉਨ੍ਹਾਂ ਵੱਲੋਂ ਕੀਤੇ ਜਾਂਦੇ ਕੰਮ ਧੰਦੇ ਦੇ ਮੁਤਾਬਕ ਕੀਤੀ ਗਈ ਸੀ। ਗਿਆਨ ਹਾਸਲ ਕਰ ਕੇ ਕੋਈ ਵੀ ਵਿਅਕਤੀ ਦੂਸਰੇ ਵਰਣ ਵਿੱਚ ਜਾ ਸਕਦਾ ਸੀ। ਮੂਰਖ ਬ੍ਰਾਹਮਣ ਸ਼ੂਦਰ ਅਤੇ ਵਿਦਵਾਨ ਸ਼ੂਦਰ ਬ੍ਰਾਹਮਣ ਬਣ ਸਕਦਾ ਸੀ। ਪਰ ਰਾਜਿਆਂ ਅਤੇ ਪੁਜਾਰੀਆਂ ਨੇ ਆਪਣੇ ਨੀਚ ਸਵਾਰਥਾਂ ਦੀ ਪੂਰਤੀ ਖਾਤਰ ਇਹ ਵਰਣ ਸਥਾਈ ਬਣਾ ਦਿੱਤੇ ਹਨ। ਇੱਕ ਯੋਗੀ ਵਾਸਤੇ ਹਰੇਕ ਜਾਤੀ ਅਤੇ ਵਰਣ ਦਾ ਆਦਮੀ ਅਤੇ ਔਰਤ ਉਸ ਪ੍ਰਮਾਤਮਾ ਦਾ ਰੂਪ ਹੈ। ਉਸ ਨੂੰ ਕਿਸੇ ਪ੍ਰਤੀ ਨਫਰਤ ਨਹੀਂ ਕਰਨੀ ਚਾਹੀਦੀ, ਸਗੋਂ ਹਰੇਕ ਨਾਲ ਪਿਆਰ ਕਰਨਾ ਚਾਹੀਦਾ ਹੈ।

ਜਾਤੀਵਾਦ ਨੂੰ ਖਤਮ ਕਰਨ ਲਈ ਉਸ ਨੇ ਅਸੂਲ ਬਣਾਇਆ ਕਿ ਯੋਗੀ ਮੱਠਾਂ ਦਾ ਮੁਖੀ ਕਿਸੇ ਵੀ ਜ਼ਾਤ ਦਾ ਯੋਗ ਵਿਅਕਤੀ ਬਣ ਸਕਦਾ ਹੈ। ਉਸ ਨੇ ਅਨੇਕਾਂ ਮੱਠਾਂ ਦੇ ਮੱਠਾਧੀਸ਼ ਕਥਿੱਤ ਉੱਚ ਜ਼ਾਤੀਆਂ ਵੱਲੋਂ ਦੁਰਕਾਰੇ ਜਾਂਦੇ ਦੱਬੇ ਕੁਚਲੇ ਵਰਗਾਂ ਦੇ ਲੋਕਾਂ ਨੂੰ ਬਣਾਇਆ। ਯੋਗ ਪੰਥ ਭਾਰਤ ਦਾ ਅਜਿਹਾ ਪਹਿਲਾ ਪੰਥ ਸੀ, ਜਿਸ ਵਿੱਚ ਦੀਕਸ਼ਾ ਦੇਣ ਸਮੇਂ ਕਿਸੇ ਦੀ ਜ਼ਾਤ ਨਹੀਂ ਸੀ ਪੁੱਛੀ ਜਾਂਦੀ।

ਇਸ ਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਰਾਂਝੇ (ਜੋ ਕਿ ਮੁਸਲਮਾਨ ਸੀ) ਨੇ ਗੋਰਖ ਦੇ ਟਿੱਲੇ ਤੋਂ ਯੋਗ ਹਾਸਲ ਕੀਤਾ ਸੀ। ਇਸ ਤੋਂ ਇਲਾਵਾ ਭਾਰਤ ਵਿੱਚ ਸਭ ਤੋਂ ਪਹਿਲਾਂ ਲੰਗਰ ਪ੍ਰਥਾ ਵੀ ਯੋਗੀਆਂ ਦਾ ਮੱਠਾਂ ਵਿੱਚ ਸ਼ੁਰੂ ਹੋਈ ਸੀ। ਮੱਠ ਧਰਮ ਪ੍ਰਚਾਰ ਤੋਂ ਇਲਾਵਾ ਵਿਦਿਆ ਦੇ ਕੇਂਦਰ ਵੀ ਸਨ ਜਿੱਥੇ ਕਥਿੱਤ ਛੋਟੀ ਜ਼ਾਤੀ ਦੇ ਬੱਚਿਆਂ ਨੂੰ ਬਿਨਾਂ ਕਿਸੇ ਭੇਦ ਭਾਵ ਅਤੇ ਫਸਿ ਦੇ ਗਿਆਨ ਵੰਡਿਆ ਜਾਂਦਾ ਸੀ। ਗੋਰਖ ਨਾਥ ਦੇ ਇਨ੍ਹਾਂ ਮਹਾਨ ਕਾਰਜਾਂ ਕਾਰਨ ਨਾਥ ਪੰਥ ਦਾ ਭਾਰਤੀ ਉੱਪ ਮਹਾਂਦੀਪ ਵਿੱਚ ਬਹੁਤ ਵਿਸਤਾਰ ਹੋਇਆ। ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਰਿਸ ਸ਼ਾਹ ਦੇ ਵਿਸ਼ਵ ਪ੍ਰਸਿੱਧ ਸ਼ਾਹਕਾਰ ਹੀਰ ਰਾਂਝਾ ਵਿੱਚ ਵੀ ਗੋਰਖ ਨਾਥ ਦਾ ਵਰਨਣ ਆਉਂਦਾ ਹੈ। ਅੱਜ ਵੀ ਭਾਰਤ, ਪਾਕਿਸਤਾਨ, ਨੇਪਾਲ ਅਤੇ ਬੰਗਲਾ ਦੇਸ਼ ਅੰਦਰ ਅਨੇਕਾਂ ਯੋਗੀ ਮੰਦਰ ਅਤੇ ਮੱਠ ਬਣੇ ਹੋਏ ਹਨ। ਨੇਪਾਲ ਦੇ ਇੱਕ ਸ਼ਹਿਰ ਦਾ ਨਾਮ ਉਸ ਦੇ ਸਨਮਾਨ ਵਿੱਚ ਗੋਰਖਾ ਰੱਖਿਆ ਗਿਆ ਸੀ ਜਿੱਥੇ ਇੱਕ ਗੁਫਾ ਦੇ ਅੰਦਰ ਉਸ ਦੇ ਪੈਰਾਂ ਦੇ ਨਿਸ਼ਾਨ ਬਣੇ ਹੋਏ ਮੰਨੇ ਜਾਂਦੇ ਹਨ। ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਨੇਪਾਲ ਦੇ ਵਸਨੀਕਾਂ ਨੂੰ ਗੋਰਖਾ, ਗੋਰਖ ਨਾਥ ਦੇ ਪੈਰੋਕਾਰ ਹੋਣ ਕਾਰਨ ਹੀ ਕਿਹਾ ਜਾਂਦਾ ਹੈ।















## ਜਉ ਤਉ ਪ੍ਰੇਮ ਖੇਲਣ ਕਾ ਚਾਉ ॥

# ਵਿਸਾਖੀ ਦਾ ਦਿਹਾੜਾ ਸਾਡੇ ਲਈ ਬੇਹੱਦ ਖਾਸ !

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥



ਇਹ ਸ਼ਬਦ ਵਿਸਾਖੀ ਵਾਲੇ ਦਿਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਆਖੇ ਜਦੋ ਉਨ੍ਹਾਂ ਅਨੰਦਪੁਰ ਸਾਹਿਬ (ਪੰਜਾਬ) ਦੀ ਧਰਤੀ ਤੇ 13 ਅਪ੍ਰੈਲ 1699ਈ: ਨੂੰ ਇਕ ਵਿਸ਼ਾਲ ਸਮਾਗ਼ਮ ਰੱਖਿਆ ਸੀ ਉਨ੍ਹਾਂ ਵਲੋਂ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ। ਇਸ ਦਿਨ ਅਨੰਦਪੁਰ ਸਾਹਿਬ ਦੀ ਧਰਤੀ ਤੇ ਗੁਰੂ ਦੁਆਰਾ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਭਾਰੀ ਦੀਵਾਨ ਸਜੇ ਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸ਼ਬਦ-ਕਿਰਤਨ ਦਾ ਅਨੰਦ ਮਾਨ ਰਿਹਾ ਸੀ। ਇਸ ਉਪਰੰਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਜੇ ਦੀਵਾਨ (ਸਜੇ ਪੰਡਾਲ) 'ਚ ਆਪਣੀ ਕ੍ਰਿਪਾਨ ਮਿਆਨੋ ਬਾਹਰ ਕੱਢ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਿਤ ਹੋ ਕੇ ਕਿਹਾ ਕਿ ਅੱਜ ਮੇਰੀ ਕ੍ਰਿਪਾਨ ਨੂੰ ਸਿਰਾਂ ਦੀ ਲੋੜ ਹੈ, ਕੋਈ ਹੈ, ਜੋ ਆਪਣਾ ਸੀਸ ਭੇਂਟਾ ਕਰ ਸਕਦਾ ਹੈ। ਇਹ ਵਾਕ ਸੁਣਦੇ ਹੀ ਸਜੇ ਦੀਵਾਨ 'ਚ ਚੁੱਪੀ ਛਾਂਅ ਗਈ, ਤੇ ਦੂਜੀ ਵਾਰ ਫਿਰ ਗੁਰੂ ਸਾਹਿਬ ਨੇ ਕਿਹਾ, ਕੋਈ ਹੈ, ਜੋ ਆਪਣਾ ਸੀਸ ਭੇਂਟਾ ਲਈ ਤਿਆਰ ਹੈ,ਪ੍ਰੰਤੂ ਸਾਰੇ ਪਾਸੇ ਚੁੱਪੀ ਛਾਂਈ ਹੋਈ ਸੀ। ਗੁਰੂ ਸਾਹਿਬ ਵਲੋਂ ਇਹਹੀ ਵਾਕ ਤੀਜੀ ਵਾਰ ਦੁਹਰਾਉਂਣ ਤੇ ਸਜੇ ਦੀਵਾਨ ਵਿੱਚੋ ਇੱਕ ਵਿਅਕਤੀ ਉੱਠਿਆ,ਇਹ ਸੀ ਭਾਈ ਦਇਆ ਰਾਮ ਜੀ , ਗੁਰੂ ਜੀ ਉਸ ਨੂੰ ਤੰਬੂ ਦੇ ਅੰਦਰ ਲੈ ਗਏ ਤੇ ਕੁਜ ਸਮਾਂ ਬੀਤਣ ਤੇ ਤੰਬੂ ਤੋਂ ਬਾਹਰ



'ਆ ਖ਼ੂਨ ਨਾਲ ਲੱਥ-ਪੱਥ ਕ੍ਰਿਪਾਨ ਹਵਾ ਵਿਚ ਲਹਿਰਾਈ ਤੇ ਸਜੇ ਦੀਵਾਨ "ਚ ਬੈਠੀ ਸੰਗਤ ਤੋਂ ਇੱਕ ਸੀਸ ਭੇਂਟਾ ਦੀ ਹੋਰ ਮੰਗ ਕੀਤੀ, ਤਾਂ ਭਾਈ ਧਰਮ ਰਾਮ ਜੀ ਸੀਸ ਭੇਂਟਾ ਲਈ ਅੱਗੇ ਆਏ। ਇਸੇ ਤਰਾਂ ਗੁਰੂ ਜੀ ਨੇ ਤੰਬੂ ਤੋਂ ਫਿਰ ਬਾਹਰ ਆਏ ਤੇ ਤੀਜੇ ਸੀਸ ਦੀ ਮੰਗ ਕੀਤੀ , ਤਾਂ ਭਾਈ ਹਿੰਮਤ ਰਾਏ ਜੀ ਅੱਗੇ ਆਏ , ਚੋਥੀ ਵਾਰੀ ਸੀਸ ਭੇਂਟਾ ਦੀ ਮੰਗ ਤੇ, ਭਾਈ ਮੋਹਕਮ ਚੰਦ ਜੀ ਤੇ ਪੰਜਵੀ ਵਾਰੀ ਭਾਈ ਸਾਹਿਬ ਚੰਦ ਜੀ ਸੀਸ ਭੇਂਟਾ ਲਈ ਅੱਗੇ ਆਏ, ਕੁਝ ਸਮਾਂ ਬਾਅਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਂਟਾ ਕਰਨ ਵਾਲੇ ਪੰਜਾ ਸਿੱਖਾਂ ਨੂੰ ਸੁੰਦਰ ਸ਼ਸ਼ਤਰ-ਵਸਤਰ ਪਹਿਨਾਅ ਤੰਬੂ ਤੋਂ ਬਾਹਰ ਸੰਗਤਾਂ ਸਾਹਮਣੇ ਲਿਆਂਦਾ, ਗੁਰੂ ਜੀ ਨੇ ਸਰਬ-ਲੋਹ ਦੇ ਬਾਟੇ ਚ ਅੰਮ੍ਰਿਤ ਤਿਆਰ ਕਰ ਪੰਜਾ ਸਿੰਘਾ ਨੂੰ ਅੰਮ੍ਰਿਤ ਛਕਾ, ਜਾਤ-ਪਾਤ ਤੇ ਉਂਚ-ਨੀਚ ਦੇ ਬੰਦਨਾ ਤੋਂ ਮੁਕਤ ਕਰਦੇ ਹੋਏ, ਸਭ ਦੇ ਨਾਮ ਨਾਲ ਸਿੰਘ ਸ਼ਬਦ ਲਗਾਇਆ। ਇਹ ਉਹ ਹੀ ਦਿਨ ਸੀ 13 ਅਪ੍ਰੈਲ 1699 ਈ: ਦਾ ਜਿਸ ਦਿਨ ਖਾਲਸੇ ਦਾ ਜਨਮ ਹੋਇਆ ਤੇ ਗੁਰੂ ਜੀ ਨੇ ਇਨ੍ਹਾਂ ਨੂੰ ਪੰਜ ਪਿਆਰਿਆ ਦੀ ਪਦਵੀ ਦਿੱਤੀ ਤੇ ਆਪ ਇਸੇ ਵਿਸਾਖੀ ਵਾਲੇ ਦਿਨ ਇਨ੍ਹਾਂ ਤੋਂ ਆਪ ਵੀ ਅੰਮ੍ਰਿਤ ਛਕਿਆ, ਖਾਲਸੇ ਦੀ ਸਾਜਣਾ ਨਾਲ ਇਕ ਨਵੀਂ ਲਹਿਰ ਦਾ ਵਿਕਾਸ ਹੋਇਆ ਤੇ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਖਾਲਸੇ ਦੀ ਜਨਮ ਭੂਮੀ ਵਜੋਂ ਪ੍ਰਸਿੱਧ ਹੋਈ। ਇਸੇ ਤਰਾਂ 13 ਅਪ੍ਰੈਲ 1919 ਈ: ਦਾ ਸ਼੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਦੂਰ- ਦੂਰ ਤੋਂ ਲੋਕ ਸ਼੍ਰੀ ਦਰਬਾਰ ਸਾਹਿਬ ਪੁਹੰਚੇ ਹੋਏ ਸਨ। ਇਸੇ ਦਿਨ ਦੇਸ਼ ਨੂੰ ਅੰਗ੍ਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਕ੍ਰਾਂਤੀ ਕਾਰੀਆਂ ਨੇ ਜੱਲ੍ਹਿਆਂਵਾਲਾ ਬਾਗ ਵਿਖੇ ਇਕ ਸਭਾ ਬੁਲਾਈ, ਇਹ ਸਭਾ ਡਾ. ਸੈਫ ਉਦ ਦਿਨ ਕਿਚਲੂ ਤੇ ਡਾ. ਸੱਤਪਾਲ ਜੀ ਦੀ ਰੀਹਾਈ ਅਤੇ ਅੰਗ੍ਰੇਜ਼ ਹਕੂਮਤ ਵਲੋਂ 10 ਮਾਰਚ 1919 ਈ: ਨੂੰ ਪਾਸ ਕੀਤੇ ਰੋਲਟ ਐਕਟ ਜਿੱਸ ਨੂੰ ਭਾਰਤੀ ਲੋਕਾ ਵਲੋਂ ਕਾਲੇ ਕਾਨੂੰਨ ਦਾ ਨਾਮ ਦਿਤਾ ਗਿਆ ਸੀ ਦੇ ਸੰਬੰਧ ਵਿਚ ਇਕੱਠੇ ਹੋਏ ਸੀ, ਅੰਗ੍ਰੇਜ਼ ਹਕੂਮਤ ਨੇ ਭਾਰਤ ਵਿਚ ਉੱਠ ਰਹੀ ਅਜਾਦੀ ਦੀ ਲਹਿਰ ਨੂੰ ਦਬਾਉਣ ਦੇ ਮਕਸਦ ਲਈ ਰੋਲਟ ਐਕਟ ਕਾਨੂੰਨ ਰਾਹੀ ਇਹ ਅਧਿਕਾਰ ਮਿਲ ਗਿਆ ਸੀ, ਕਿ ਉਹ ਕਿਸੇ ਨੂੰ ਵੀ ਅਦਾਲਤੀ ਕਾਰਵਾਹੀ ਤੋਂ ਬਿਨਾਂ ਜੇਲ੍ਹ ਵਿਚ ਡੱਕ ਸਕਦੇ ਸਨ। ਭਾਰਤੀ ਲੋਕਾ ਨੇ ਇਸ ਰੋਲਟ ਐਕਟ ਵਿਰੁੱਧ ਇਕ ਹੋਕੇ ਵਿਰੋਧ ਕੀਤਾ। ਅੰਗ੍ਰੇਜ਼ ਹਕੂਮਤ ਨੂੰ ਇਹ ਨਾ ਪਸੰਦ ਹੋਣ ਕਾਰਣ, ਵਿਸਾਖੀ ਵਾਲੇ ਦਿਨ 13 ਅਪ੍ਰੈਲ 1919 ਈ: ਨੂੰ ਅੰਗ੍ਰੇਜ਼ ਜਨਰਲ ਰੇਜ਼ੀਨਲ੍ਡ ਡਾਇਰ ਨੇ ਅੰਮ੍ਰਿਤਸਰ ਦੀ ਧਰਤੀ ਤੇ ਜੱਲ੍ਹਿਆਂਵਾਲਾ ਬਾਗ ਵਿਖੇ ਕ੍ਰਾਂਤੀ ਕਾਰੀਆਂ ਵਲੋਂ ਕੀਤੀ ਜਾ ਰਹੀ ਸਭਾ (ਜਲਸੇ ) ਤੇ ਅੰਨੇਵਾਹ ਗੋਲੀ ਚਲਾ ਬਹੁਤ ਵੱਡਾ ਕਤਲੇਆਮ ਕੀਤਾ। ਜੱਲ੍ਹਿਆਂਵਾਲਾ ਬਾਗ ਦਾ ਪੁਰਾਤਨ ਸੰਬੰਧ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਰਹਿੰਦ ਬਲਾਕ "ਚ ਪੈਂਦੇ ਪਿੰਡ ਜੱਲ੍ਹਾ ਨਾਲ ਵੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਕ ਅਉਦੇਦਾਰ ਹਿੰਮਤ ਸਿੰਘ ਸੀ ਜੋ ਕਿ ਪਿੰਡ ਜੱਲ੍ਹਾ ਨਾਲ ਸਬੰਧਤ ਸੀ, ਇਸ ਦੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਬਾ.ਗ ਰੂਪੀ ਇਕ ਜਮੀਨ ਦਾ ਟੁਕੜਾ ਸੀ ਜਿਸ ਵਿਚ ਫੁੱਲ,ਬੂਟਿਆਂ ਤੋਂ ਇਲਾਵਾ ਇਕ ਖੂਹ ਵੀ ਸੀ। ਇਨ੍ਹਾਂ ਦੇ ਪਰਿਵਾਰ ਨੂੰ ਜੱਲ੍ਹਿਆਂਵਾਲੇ ਕਿਹਾ ਜਾਂਦਾ ਜੋ ਸਮਾਂ ਬੀਤਣ ਦੇ ਨਾਲ ਇਸ ਬਾਗ ਨੂੰ ਜੱਲ੍ਹਿਆਂਵਾਲਾ ਬਾਗ ਕਿਹਾ ਜਾਣ ਲੱਗਾ।13 ਅਪ੍ਰੈਲ 1919 ਈ: ਨੂੰ ਵਿਸਾਖੀ ਦਾ ਦਿਹਾੜਾ ਹੋਣ ਕਾਰਣ ਅੰਮ੍ਰਿਤਸਰ ਸ਼ਹਿਰ ਤੇ ਜੱਲ੍ਹਿਆਂਵਾਲਾ ਬਾਗ ਵਿਚ ਚਹਿਲ -ਪਹਿਲ ਆਮ ਦਿਨਾ ਨਾਲੋਂ ਕਾਫੀ ਜ਼ਿਆਦਾ ਸੀ। ਬਾਅਦ ਦੁਪਿਹਰ ਤਕਰੀਬਨ ਚਾਰ ਵਜੇ ਕ੍ਰਾਂਤੀ ਕਾਰੀਆਂ ਦੀ ਸਭਾ ਸ਼ੁਰੂ ਹੋਈ ਤੇ ਇਸ ਦੌਰਾਨ ਜੱਲ੍ਹਿਆਂਵਾਲਾ ਬਾਗ ਤੋਂ ਬਾਹਰ ਜਾਣ ਵਾਲੇ ਰਸਤੇ ਅੰਗ੍ਰੇਜ਼ ਹਕੂਮਤ ਦੇ ਫੌਜੀ ਦਸਤਿਆਂ ਨੇ ਬੰਦ ਕਰ , ਕਿਸੇ ਵੀ ਚਿਤਾਵਨੀ ਤੋਂ ਬਗੈਰ , ਸ਼ਾਂਤਮਈ ਚੱਲ ਰਹੀ ਸਭਾ 'ਚ ਬੈਠੇ ਨਿਹੱਥੇ ਬਜ਼ੁਰਗ, ਬੱਚੇ, ਨੋਜਵਾਨਾ ਤੇ ਔਰਤਾਂ ਤੇ ਤਾਬੜ-ਤੋੜ ਗੋਲੀ ਚਲਾ ਦਿੱਤੀ।

ਇਹ ਗੋਲੀ ਤਕਰੀਬਨ ਦਸ ਮਿੰਟ ਬਿਨਾਂ ਰੁਕੇ ਚੱਲੀ, ਇਸ ਦੌਰਾਨ ਹੋਈ ਭਗਦੜ ਅਤੇ ਗੋਲੀਆਂ ਲੱਗਣ ਕਾਰਣ ਕਾਫੀ ਮੌਤਾ ਹੋਇਆ। ਗੋਲੀ ਤੋਂ ਆਪਣੀ ਜਾਣ ਬਚਾਉਣ ਲਈ ਕਾਫੀ ਲੋਕਾ ਨੇ ਜੱਲ੍ਹਿਆਂਵਾਲਾ ਬਾਗ ਵਿਚ ਬਣੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ। 13 ਅਪ੍ਰੈਲ 1919 ਈ: ਦਾ ਵਿਸਾਖੀ ਵਾਲੇ ਦਿਨ ਵਾਪਰੇ ਇਸ ਖ਼ੂਨੀ ਸਾਕੇ ਨੂੰ ਤਕਰੀਬਨ ਉਨੀਆਂ ਸਾਲਾ ਦੇ ਇਕ ਮੁੱਛਫੁਟ ਗੱਬਰੂ ਨੇ ਆਪਣੀਆਂ ਅੱਖਾਂ ਵਿੱਚ ਕੈਦ ਕਰ ਲਿਆ ਸੀ। ਉਹ ਗੱਬਰੂ ਸੀ, ਸਰਦਾਰ ਊਧਮ ਸਿੰਘ ਜੋ ਉਸ ਸਮੇਂ ਸਭਾ ਵਿਚ ਸ਼ਾਮਿਲ ਸਨ।ਉਨ੍ਹਾਂ ਤਕਰੀਬਨ ਇੱਕੀ ਸਾਲ ਬਾਅਦ ਜੱਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਮਾਇਕਲ ਓਡਵਾਇਰ ਨੂੰ 13 ਮਾਰਚ 1940 ਈ : ਵਾਲੇ ਦਿਨ ਕੇਕਸਟਲ ਹਾਲ ਲੰਦਨ ਵਿਚ ਗੋਲੀ ਮਾਰ ਕੇ ਲਿਆ। ਇਸੇ ਲਈ ਜੱਲ੍ਹਿਆਂਵਾਲਾ ਬਾਗ ਦਾ ਖ਼ੂਨੀ ਸਾਕਾ ਵਿਸਾਖੀ ਵਾਲੇ ਦਿਨ ਹੋਣ ਕਾਰਣ, ਵਿਸਾਖੀ ਨਾਲ ਗੂੜ੍ਹਾ ਸੰਬੰਧ ਹੈ। ਇਸੇ ਤਰਾਂ ਕਿਸਾਨ ਤੇ ਵਿਸਾਖ ਰੁੱਤ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਵਿਸਾਖ ਚੜ੍ਹਦੇ ਹੀ ਖੇਤਾਂ 'ਚ ਪੂਰੇ ਜੋਬਨ ਤੇ ਆਇਆ ਫਸਲਾ ਵਾਤਾਵਰਨ ਵਿਚ ਆਪਣੀ ਖ਼ੂਬਸੁਰਤੀ ਵਿਛੋਦੀਆਂ ਨਾਜਰ ਆਉਂਦੀਆਂ ਹਨ। ਮੌਸਮ 'ਚ ਆਏ ਬਦਲਾ ਕਾਰਣ ਹਰੀਆਂ ਕਣਕਾਂ ਸੋਨੇ ਰੰਗੀ ਹੋ ਝੂਮਦੀਆਂ ਹਨ। ਦਿਨ -ਰਾਤ ਰਾਖੀ ਕਰਨ ਤੋਂ ਬਾਅਦ ਪੁੱਤਾ ਵਾਂਗੂ ਪਾਲੀ ਫ਼ਸਲ ਨੂੰ ਖੇਤਾਂ 'ਚ ਝੂਮਦੀਆਂ ਦੇਖ ਕਿਸਾਨਾ ਦੇ ਚਹਿਰੇ ਵੀ ਖਿੜ ਉੱਠਦੇ ਹਨ। ਕਣਕ ਦੀ ਫ਼ਸਲ ਵਿਸਾਖੀ ਤੱਕ ਪੱਕ ਕੇ ਵਾਢੀ ਲਈ ਤਿਆਰ ਹੋ ਜਾਂਦੀ ਹੈ। ਕਿਸਾਨਾਂ ਵਲੋਂ ਵਾਢੀ ਦੀ ਸ਼ੁਰੂਆਤ 13 ਅਪ੍ਰੈਲ ਵਿਸਾਖੀ ਵਾਲੇ ਦਿਨ ਕਰਣੀ ਸ਼ੁਭ ਮੰਨੀ ਜਾਂਦੀ ਹੈ। ਇਤਿਹਾਸਕ ਮਹੱਤਤਾ ਰੱਖਣ ਵਾਲਾ ਇਹ ਤਿਉਹਾਰ ਹਾੜੀ ਦੀ ਫ਼ਸਲ ਕਣਕ ਦਾ ਪੱਕ ਕੇ ਤਿਆਰ ਹੋਣ ਕਾਰਣ,ਕਿਸਾਨਾਂ ਦਾ ਫਸਲੀ ਤਿਉਹਾਰ ਵਜੋਂ ਵੀ ਮੰਨਿਆ ਤੇ ਹਰ ਸਾਲ ਵਿਸਾਖ ਮਹੀਨੇ ਦੀ ਸੰਗ੍ਰਾਦ ਨੂੰ ਬੜੀ ਧੂਮਧਾਮ ਨਾਲ ਵਿਸਾਖੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਵਿਸਾਖ ਮਹੀਨਾ ਕਿਸਾਨਾ ਲਈ ਕਾਫੀ ਰੁਝੇਵਿਆਂ ਭਰਿਆ ਹੁੰਦਾ ਹੈ, ਕਣਕ ਦੀ ਵਾਢੀ ਮਗਰੋਂ , ਕਣਕ ਦੀ ਸਾਂਭ-ਸੰਭਾਲ, ਮਾਲ-ਡੰਗਰਾਂ ਲਈ ਤੂੜੀ- ਤੰਦ ਦੀ ਸੰਭਾਲ, ਸ਼ਾਹੂਕਾਰਾ ਦਾ ਲੈਣ-ਦੇਣ ਕਰਨਾ ਆਦਿ। ਕਿਸਾਨ ਦੀ ਫ਼ਸਲ ਮੰਡੀ ਆਉਂਦੀ ਹੈ ਤਾ ਬਜਾਰਾਂ ਵਿਚ ਵੀ ਰੌਣਕ ਆ ਜਾਂਦੀ ਹੈ। ਖੇਤੀ ਨਾਲ ਹਜਾਰਾਂ ਹੀ ਲੋਕਾ ਦੇ ਰੁਜ਼ਗਾਰ ਜੁੜੇ ਹੋਏ ਹਨ। ਪੁਰਾਣੇ ਸਮਿਆਂ 'ਚ ਕਿਹਾ ਜਾਂਦਾ ਸੀ ਕਿ, 'ਉਤੱਮ ਖੇਤੀ, ਮੱਧਮ ਵਿਉਪਾਰ' ਕਿਸਾਨ ਦੀ ਦਿਨ-ਰਾਤ ਦੀ ਮਿਹਨਤ ਸਦਕਾ ਹੀ ਖੇਤੀ ਨੇ ਉਤੱਮ ਅਖਵਾਉਣ ਦਾ ਦਰਜਾ ਪਾਇਆ ਹੈ। 13 ਅਪ੍ਰੈਲ ਵਿਸਾਖੀ ਵਾਲੇ ਦਿਨ ਬਿਕ੍ਰਮੀ ਸੰਮਤ ਦੇ ਸ਼ੁਰੂ ਹੋਣ ਨਾਲ ਵਿਉਪਾਰੀ ਵਰਗ ਵੀ ਨਵੇਂ ਵਹੀਆਂ-ਖਾਤੇ ਖੋਲਦੇ ਹਨ। ਵਿਸਾਖੀ ਦੇ ਇਸ ਤਿਉਹਾਰ ਦੇ ਨਾਲ ਸਾਡੇ ਇਤਿਹਾਸ ਦੇ ਅਨੇਕਾਂ ਪੰਨੇ ਜੁੜੇ ਹੋਏ ਹਨ। ਕਵੀ ਧਨੀ ਰਾਮ ਚਾਤ੍ਰਿਕ ਜੀ ਆਪਣੀ ਇਕ ਕਵਿਤਾ "ਚ ਪੰਜਾਬੀ ਸਭਿਆਚਾਰ ਦੇ ਰੰਗ ਨੂੰ ਇਉਂ ਬਿਆਨ ਕਰਦੇ ਹਨ ;

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾ.ਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

13 ਅਪ੍ਰੈਲ ਵਿਸਾਖੀ ਦਾ ਇਹ ਦਿਹਾੜਾ ਸਾਡੇ ਲਈ ਬੇਹੱਦ ਖਾਸ ਇਸ ਲਈ ਵੀ ਹੈ ਕਿਉ ਕਿ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਹੋਈ, ਇਸ ਦਿਨ ਜੱਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ "ਚ ਅਨੇਕਾਂ ਸ਼ਹੀਦੀਆਂ ਹੋਈਆਂ ਅਤੇ ਖੇਤੀ ਸਾਡਾ ਮੁੱਖ ਕਿਤਾ ਹੋਣ ਕਾਰਣ ਇਸ ਵਿਸਾਖ ਮਹੀਨੇ ਫਸਲ ਦਾ ਆਉਣਾ ਵੀ ਖਾਸ ਅਹਿਮਿਅਤ ਰੱਖਦਾ ਹੈ।

**ਹਰਮਨਪ੍ਰੀਤ ਸਿੰਘ,**
**ਸਰਹਿੰਦ, ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ,**



VESTA PROPERTIES

# SPRING INTO SAVINGS

** ਤੁਸੀਂ ਆਪਣੇ ਨਵੇਂ ਘਰ ਦੀ ਕੀਮਤ ਵਿੱਚ 15,000 ਡਾਲਰ ਤੱਕ ਦੀ ਬੱਚਤ ਕਰ ਸਕਦੇ ਹੋ

## ਈਵੈਂਟ ਹੁਣ ਚਾਲੂ ਹੈ







## VESTA ELEVATE COLLECTION

AT COOPER'S CROSSING

ELEVATE YOUR LIVING

VESTAELEVATE.COM















Introducing the Vesta Elevate Collection at Cooper's Crossing featuring an array of homes including 3-Storey Village Townhomes, 2-Storey Brimstone Townhomes, Bungalow Villas with master-on-main living options, and Luxury Urban Monarch Condos with premium amenities. Modern contemporary homes with luxurious interior finishes and unique exterior architecture offers a charming curb appeal in a prime sought-after neighborhood.

**Promotion applies to select homes. Contact our sales team for more details 587.674.3438

# ਕਾਗਜ਼ੀ ਵਿਚੋਲਪੁਣਾ

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

## ਲੜਕੀ ਦੀ ਲੋੜ

ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵੈਜੀਟੇਰੀਅਨ,ਵਰਕ ਪਰਮਿਟ ਹੋਲਡਰ ਲੜਕੇ, ਉਮਰ 29 ਸਾਲ, 5 ਕਿੱਲੇ ਜ਼ਮੀਨ ਦੇ ਮਾਲਕ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਮੋਬਾਇਲ ਨੰ: 403 622 1500 ***241***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਗਿੱਲ ਪਰਿਵਾਰ (ਮਜ਼ਬੀ ਸਿੱਖ) ਦੇ ਤਲਾਕਸੁਦਾ ਲੜਕੇ ਉਮਰ 36 ਸਾਲ,ਕੱਦ 5 ਫੁੱਟ 7 ਇੰਚ,ਵਿੱਦਿਅਕ ਯੋਗਤਾ: ਬੀ ਟੈੱਕ ਪੀ ਜੀ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 1 204 406 0310 ਜਾਂ ਈ ਮੇਲ: 2024.singhdeep@gmail.com ***241***

## ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈਕ, ਐਮ ਟੈਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਵਿਨੀਪੈਗ, ਕਨੇਡਾ ਹੀ ਰਹਿ ਰਿਹਾ ਹੈ । ਸੰਪਰਕ: 1- 204 914 3200 ***244 ***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਂਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ।ਸੰਪਰਕ :1 (780) 604-0209 ***244 ***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ-ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿੱਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: : 587 720-3222, 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 or 587 579 4899 ***UN****

## ਲੜਕੀ ਦੀ ਲੋੜ

ਅਮਰੀਕਾ ਵਿੱਚ ਵਰਕ ਪਰਮਿਟ ਤੇ ਕੰਮ ਕਰਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ,ਬੀ ਟੈੱਕ (ਡਰੌਪ ਆਊਟ) ਗੁਰਸਿੱਖ ਪਰਿਵਾਰ ਨਾਲ ਸਬੰਧਿਤ, ਲਈ ਕੈਨੇਡਾ ਜਾਂ ਅਮਰੀਕਾ ਵਿੱਚ ਨਾਗਰਿਕਤਾ ਪ੍ਰਾਪਤ ਜਾਂ ਵਰਕ ਪਰਮਿਟ ਤੇ ਰਹਿ ਰਹੀ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਕਰੋ 825-785-5487 ਜਾਂ ਈ ਮੇਲ: mslummay@gmail.com ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਆਏ ਲੜਕੇ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ ,ਐਲ ਐਲ ਬੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 672 972 9683 ਜਾਂ 91-9814122621 ***241***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਸਾਲ,ਕੱਦ 6 ਫੁੱਟ 2 ਇੰਚ, ਵਿੱਦਿਅਕ ਯੋਗਤਾ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਸੁਭਾਅ ਵਾਲਾ ਨਸ਼ੇ ਤੋਂ ਰਹਿਤ ਵੈਜੀਟੇਰੀਅਨ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਸੰਪਰਕ: 403 667 9796 ***241***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਾਮਗੜ੍ਹੀਆ ਸਿੱਖ ਕਲਸੀ ਪਰਿਵਾਰ ਦੀ ਤਲਾਸੁੱਦਾ ਲੜਕੀ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ ਬੀ ਏ ਲਈ ਹਾਣ ਪ੍ਰਵਾਣ ਦੇ ਰਾਮਗੜ੍ਹੀਆਂ ਸਿੱਖ ਪਰਿਵਾਰ ਵਿੱਚੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈੱਗ ਨੂੰ ਪਹਿਲ। ਸੰਪਰਕ: 1 204 599 9184 ***241***

## ਲੜਕੇ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ,ਰਾਮਦਾਸੀਆ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 4 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ,ਪੀ ਜੀ ਡੀ ਸੀ ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ: 403 926 7372 ਜਾਂ 94648 35098 ***241***

## ਲੜਕੇ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੀ ਸੋਹਣੀ ਸੁਨੱਖੀ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਜਨਮ ਦਸੰਬਰ 1989,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ : ਬੀ ਐੱਸ ਸੀ ,ਆਈ ਟੀ, ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੀ ਹੈ, ਲਈ ਹਾਣ ਪ੍ਰਵਾਣ ਦੇ ਬਿਲਕੁੱਲ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 570 7133 ***241***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈਗ- 431 733 3000



ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.


- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094  Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜ਼ਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜ਼ਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.

sikhsocietysknewland@gmail.com

## Name Change

I, **BHARPOOR SINGH** son/of **GURCHARN SINGH**, holder of Indian passport No.**R5392829**, issued at **VANCOUVER** , on 30/10/2017, permanent resident of **VPO: BURJ THAROR ,TEH : RAMPURA PHUL ,DISTT: BATHINDA, PUNJAB,INDIA** and presently residing at **5325 CORAL SHORES DR NE CALGARY (AB) T3J3T8 CANADA**. Do hereby change My name from **BHARPOOR SINGH** to **BHARPOOR SINGH SIDHU** with immediate effect.

Date: 22/03/2024  Phone: 403 968 8778


## ਵਰਕਰਾਂ ਦੀ ਲੋੜ

Green City is hiring lawn care worker with the following qualifications:

- Class 5 Driving license
- Good English communication skills
- Minimum age 24 required

ਕਾਲ: (403) 606-4160


# Netanyahu says aid workers' killing tragic, 'happens in wartime'

(PAB)- Seven people working for the World Central Kitchen aid group in Gaza were killed in an Israeli airstrike on Tuesday. Three of them were British nationals, one Australian, one from Poland, one Palestinian and one dual citizen of the United States and Canada.

Israeli Prime Minister Benjamin Netanyahu lamented the killing of the NGO workers called the incident "tragic and unintended". However, he also said this "happens in wartime"."The humanitarian aid team was travelling in a deconflicted zone in two armoured cars branded with the WCK logo and a soft skin vehicle," the statement by the charity said.

Countries across the world have been reacting very strongly against the strike. While Spain and Poland have sought an "explanation" from Israel, the UK called on Israel to urgently investigate the matter.

Reacting to the WCK workers' deaths, Israel Prime Minister Benjamin Netanyahu said that 'it happens during wartime' while also assuring that his government will do everything to ensure it does not happen again.

Meanwhile, the killing of the seven aid workers Tuesday has prompted the World Central Kitchen charity to suspend delivery of vital food aid to Gaza.

British Prime Minister Rishi Sunak called on Israel to urgently investigate and provide an explanation after aid workers were killed, including British nationals. Sunak said he was "shocked and saddened".

Spanish Prime Minister Pedro Sanchez's reacted to the tragedy demanding that the Israeli government 'clarify' as soon as possible the circumstances of the 'brutal attack'.

Australian Prime Minister Anthony Albanese said he expected 'full accountability' for the deaths of aid workers, calling it 'completely unacceptable.'

Poland's foreign minister asked the Israeli ambassador in Warsaw for "urgent explanations" after a Polish volunteer was killed while providing aid in Gaza.

Despite co-ordinating movements with the Israeli Defence Force, the convoy was hit as it was leaving its Deir al-Balah warehouse, after unloading more than 100 tons of humanitarian food aid brought to Gaza by sea, WCK said.

Chief Executive of World Central Kitchen Erin Gore called it not only an attack against WCK, but an attack on humanitarian organisations showing up in the most dire of situations where food is being used as a weapon of war.

# India summons US State Department official over call for fair legal treatment of arrested opposition leader

(PAB)- India's Ministry of External Affairs summoned a US State Department official after the department called for a fair legal process for opposition leader and Delhi chief minister Arvind Kejriwal following his arrest last week.

"We take strong objection to the remarks of the Spokesperson of the US State Department about certain legal proceedings in India," the Ministry said in a statement Wednesday.

"In diplomacy, states are expected to be respectful of the sovereignty and internal affairs of others. This responsibility is even more so in case of fellow democracies," the statement added.

The Ministry of External Affairs on Wednesday summoned Gloria Berbena, the State Department Minister-Counselor for Public Diplomacy, according to a diplomatic officer with knowledge of the matter.

At a briefing later on Wednesday, State Department spokesperson Matthew Miller declined to discuss "private diplomatic conversations" when asked about Berbena's summoning, but stood by the department's previous comments."We encourage fair, transparent, timely legal processes. We don't think anyone should object to that, and we'll make the same thing clear privately," Miller said.

Aam Aadmi Party, or Common Man's Party, workers shout slogans as Enforcement Directorate, a federal agency that probes economic offenses, arrive to arrest their leader Arvind Kejriwal at his residence, in New Delhi, India, March 21, 2024. India's anti-corruption crusader Arvind Kejriwal was arrested Thursday by a federal agency that accused his party and ministers of accepting 1 billion rupees ($12 million) in bribes from liquor contractors nearly two years ago, a top leader of his party said. (AP Photo)

Delhi chief arrested as opposition party alleges 'huge conspiracy' ahead of Indian election

Kejriwal was taken into custody on March 21 following a raid on his home by the federal financial crimes agency, members of his Aam Aadmi Party (AAP) said, in the latest blow to an alliance of parties aiming to unseat Modi as he seeks a third consecutive term.

He is one of Prime Minister Narendra Modi's fiercest critics and Kejriwal's allies have claimed the arrest was politically motivated.




# ਇੱਕ ਵਾਰੀ ਆ ਜਾ ਹਾਣੀਆਂ- 2

ਅੱਥਰੀ ਜਵਾਨੀ ਦਾ ਵਹਿਣ ਵੀ ਹੜ੍ਹਾਂ ਦੇ ਪਾਣੀਆਂ ਵਰਗੇ ਹੁੰਦੇ ਨੇ, ਜਦੋਂ ਮਹਿਬੂਬ ਦੀ ਸੂਰਤ ਅੱਖਾਂ ਵਿੱਚ ਵਸ ਜਾਵੇ ਤਾਂ ਫਿਰ ਧਰਤੀ ਦਾ ਕਣ ਕਣ ਨੱਚਦਾ ਨਜ਼ਰੀਂ ਆਉਂਦਾ ਹੈ। ਅਜਿਹੀ ਰੁੱਤੇ ਅੱਖੀਆਂ 'ਚ ਕੱਜਲਾ ਪਾਉਣਾ ਕੀਹਦੇ ਚੇਤੇ ਰਹਿੰਦਾ ਹੈ:

*ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ*
*ਵੇ ਅੱਖੀਆਂ 'ਚ ਤੂੰ ਵਸਦਾ*
*ਹਰ ਵੇਲੇ ਚੰਨਾਂ ਮੇਰਾ ਤੇਰੇ ਵੱਲ ਮੂੰਹ ਵੇ*
*ਬੁੱਲੀਆਂ 'ਤੇ ਨਾਂ ਤੇਰਾ ਅੱਖੀਆਂ 'ਚ ਤੂੰ ਵੇ*
*ਜਦੋਂ ਹੱਸਦੀ ਭੁਲੇਖਾ ਮੈਨੂੰ ਪੈਂਦਾ*
*ਵੇ ਹਾਸਿਆਂ 'ਚ ਤੂੰ ਹੱਸਦਾ*

*ਲੰਮੀਆਂ ਸੀ ਵਾਟਾਂ ਚੰਨਾਂ*
*ਨੇੜੇ ਨੇੜੇ ਆਇਆ ਤੂੰ*
*ਅੱਖੀਆਂ ਦੇ ਰਾਹੀਂ ਆ ਕੇ*
*ਦਿਲ 'ਚ ਸਮਾਇਆ ਤੂੰ*
*ਜਦੋਂ ਪੁੱਛਨੀ ਆਂ ਪਿਆਰ ਦੀਆਂ ਗੱਲਾਂ*
*ਵੇ ਹੌਲੀ ਹੌਲੀ ਤੂੰ ਦੱਸਦਾ*

*ਮਸਾਂ-ਮਸਾਂ ਜ਼ਿੰਦੜੀ ਮੈਂ*
*ਪਿਆਰ ਵਿੱਚ ਰੰਗੀ ਵੇ*
*ਅੱਜ ਮੈਨੂੰ ਜਾਪਦਾ*


ਹਰਭਜਨ ਸਿੰਘ ਚਮਕ

*ਮੈਂ ਤੇਰੇ ਨਾਲ ਮੰਗੀ ਵੇ*
*ਅੱਜ ਖੁਸ਼ੀਆਂ ਦਾ ਹੋ ਗਿਆ ਸਵੇਰਾ*
*ਵੇ ਗਮ ਸਾਥੋਂ ਦੂਰ ਨੱਸਦਾ*

ਗਾਇਕਾ- ਸੁਰਿੰਦਰ ਕੌਰ
ਗੀਤਕਾਰ- ਹਰਭਜਨ ਸਿੰਘ ਚਮਕ
ਰਿਕਾਰਡ ਦਾ ਲੜੀ ਨੰਬਰ- **ECSD 2462**
ਸਾਲ- 1970
ਕੰਪਨੀ- ਐੱਚ.ਐਮ.ਵੀ.

ਜਦੋਂ ਪਹਿਲੀ ਵਾਰ ਕੋਈ ਚੋਬਰ ਕਿਸੇ ਮਹਿਬੂਬਾ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕੱਜਲੇ ਵਾਂਗੂੰ ਵੱਸਦਾ ਹੈ ਤਾਂ ਸੱਚੀਂ ਖੁਸ਼ੀਆਂ ਦਾ ਸਵੇਰਾ ਹੀ ਤਾਂ ਹੋ ਜਾਂਦਾ ਹੈ। ਤੇ ਫੇਰ ਦਿਨੇ ਵੀ ਆਪਣੇ ਨੈਣਾਂ 'ਚ ਸੁਪਨੇ ਲੈਣ ਲੱਗ ਪੈਂਦਾ ਹੈ। ਉਸਨੂੰ ਆਪਣੀ ਮਹਿਬੂਬਾ ਮੋਰਨੀ ਨਜ਼ਰ ਆਉਂਦੀ ਹੈ ਤੇ ਉਸਦਾ ਖ਼ੁਦ ਮੋਰ ਬਣ ਕੇ ਪੈਲਾਂ ਪਾਉਣ ਨੂੰ ਦਿਲ ਕਰਦਾ ਹੈ। ਇਸ ਪਲ ਨੂੰ ਚਮਕ ਜੀ ਹਰਫ਼ਾਂ 'ਚ ਇੰਝ ਢਾਲਦੇ ਹਨ:

*ਬਣ ਮੋਰਨੀ ਬਾਗਾਂ ਦੇ ਵਿੱਚ ਨੱਚਾਂ*
*ਤੂੰ ਪੈਲਾਂ ਪਾਉਂਦਾ ਆਜਾ ਮਿੱਤਰਾ*

*ਪੈਰ ਪੈਰ ਮੇਰੇ ਹਾਸੇ ਭੁੱਲ੍ਹਦੇ*
*ਪੈਰ ਪੈਰ ਮੇਰੇ ਖੇੜੇ*
*ਮੈਂ ਦੁਨੀਆਂ ਤੋਂ ਦੂਰ ਹੋ ਗਈ*
*ਦੁਨੀਆਂ ਮੇਰੇ ਨੇੜੇ*
*ਭੈੜੀ ਦੁਨੀਆਂ ਦੇ ਮੋੜ ਕੋਲੋਂ ਬੱਚਾਂ*
*ਤੂੰ ਪੈਲਾਂ ਪਾਉਂਦਾ ਆਜਾ ਮਿੱਤਰਾ*

*ਚੁੰਨੀ ਮੇਰੀ ਨਾਲ ਆਕਾਸ਼ਾਂ*
*ਛੋਹ ਛੋਹ ਮੁੜਦੀ ਬੀਬਾ ਵੇ*
*ਹੁਸਨ ਜਵਾਨੀ ਦੋ ਦਿਨ ਰਹਿੰਦੀ*
*ਫੇਰ ਨਾ ਮੁੜਦੀ ਬੀਬਾ ਵੇ*
*ਚੰਨ ਤਾਰਿਆਂ ਦੇ ਨਾਲੋਂ ਵੱਧ ਜੱਚਾਂ*
*ਤੂੰ ਪੈਲਾਂ ਪਾਉਂਦਾ ਆਜਾ ਮਿੱਤਰਾ*

*ਮੈਂ ਚਾਨਣ ਦੀ, ਚਾਨਣ ਮੇਰਾ*
*ਚਾਨਣ ਵਿੱਚ ਤੇਰਾ ਵਾਸਾ*
*ਪਿਆਰ ਕਹਾਣੀ ਕੱਜਲਾ ਪਾਉਂਦਾ*
*ਨਾਲੇ ਲਾਏ ਦੰਦਾਸਾ*
*'ਚਮਕ' ਪਿਆਰ ਦੀ ਰੰਗਣ ਵਿੱਚ ਰੱਚਾਂ*
*ਤੂੰ ਪੈਲਾਂ ਪਾਉਂਦਾ ਆਜਾ ਮਿੱਤਰਾ*

ਗਾਇਕਾ- ਸੁਰਿੰਦਰ ਕੌਰ
ਗੀਤਕਾਰ- ਹਰਭਜਨ ਸਿੰਘ ਚਮਕ
ਸੰਗੀਤਕਾਰ- ਕੇ. ਪੰਨਾ ਲਾਲ
ਰਿਕਾਰਡ ਦਾ ਲੜੀ ਨੰਬਰ- EASD 1711
ਸਾਲ- 1975
ਕੰਪਨੀ- ਐੱਚ.ਐਮ.ਵੀ.

ਇਹ ਤਾਂ ਚੜ੍ਹਦੀ ਜਵਾਨੀ ਦੇ ਅਹਿਸਾਸ ਹਨ ਜੋ ਹਰਭਜਨ ਸਿੰਘ 'ਚਮਕ' ਜੀ ਨੇ ਲਿਖੇ ਤੇ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਪੰਜਾਬੀਆਂ ਦੇ ਦਿਲਾਂ 'ਚ ਧੜਕਦੇ ਹਨ। ਇਸ ਤੋਂ ਇਲਾਵਾ ਇਸ ਉਮਰ ਦੇ ਹੋਰ ਵੀ ਗੀਤ ਮੋਹਣੀ ਨਰੂਲਾ ਸਮੇਤ ਕਈ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ। ਪਰ ਜਿਉਂ ਜਿਉਂ ਉਮਰ ਵੱਧਦੀ ਹੈ ਤਾਂ ਇਨਸਾਨ ਦੇ ਮਨ ਵਿੱਚ ਇਸ਼ਕ-ਮੁਸ਼ਕ ਤੋਂ ਇਲਾਵਾ ਹੋਰ ਵੀ ਬੜੇ ਵਿਸ਼ੇ ਆਉਂਦੇ ਹਨ। ਪੰਜਾਬੀ ਧਾਰਮਿਕ ਗਾਇਕੀ ਦੇ ਸ਼ਹਿਨਸ਼ਾਹ ਸਰੂਪ ਸਿੰਘ ਸਰੂਪ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਹਰਭਜਨ ਸਿੰਘ ਚਮਕ ਦਾ ਗੀਤ ਉਸ ਸਮੇਂ ਦੇ ਦ੍ਰਿਸ਼ ਨੂੰ ਬਿਆਨ ਕਰਦਾ ਹੈ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਸਾ ਦੇ ਕੰਢੇ 'ਤੇ ਪਰਿਵਾਰ ਵਿਛੋੜਾ ਹੋਇਆ। ਉਸ ਦ੍ਰਿਸ਼ ਨੂੰ ਚਿਤਵਦਿਆਂ, ਚਮਕ ਦੀ ਕਲਮ ਨੇ ਸਰਸੇ ਦੇ ਕੰਢੇ ਨੂੰ ਇਕ ਉਲਾਂਭਾ ਦਿੱਤਾ:

*ਸਰਸਾ ਦੇ ਕੰਢਿਆ, ਤੈਂ ਦੁੱਖ ਨਹੀਂ ਵੰਡਿਆ*
*ਦਸਮ ਅਵਤਾਰ ਦਾ*
*ਜੀਹਨੇ ਦੁੱਖ ਵੰਡਿਆ ਏ, ਦੁੱਖੀਏ ਸੰਸਾਰ ਦਾ*
*ਅਨੰਦਪੁਰ ਵਾਸੀ ਛੱਡੇ ਸੱਭੇ ਹੀ ਅਨੰਦ ਨੇ*
*ਕਿੱਥੇ ਕਿੱਥੇ ਜਾਣਾ ਇਹਦੇ ਬੜੇ ਲੰਮੇ ਪੰਧ ਨੇ*
*ਔਕੜਾਂ ਨੇ ਲੱਖਾਂ ਪਰ, ਹੌਸਲੇ ਬੁਲੰਦ ਨੇ*
*ਮੁੱਖੜੇ ਤੇ ਨੂਰ ਦੇਖੋ 'ਚਮਕ' ਪਿਆ ਮਾਰਦਾ*
*ਜੀਹਨੇ ਦੁੱਖ ਵੰਡਿਆ ਏ ਦੁੱਖੀਏ ਸੰਸਾਰ ਦਾ*

ਗਾਇਕ- ਸਰੂਪ ਸਿੰਘ ਸਰੂਪ
ਗੀਤਕਾਰ- ਹਰਭਜਨ ਸਿੰਘ ਚਮਕ
ਸੰਗੀਤਕਾਰ- ਕੇਸਰ ਸਿੰਘ ਨਰੂਲਾ
ਰਿਕਾਰਡ ਦਾ ਲੜੀ ਨੰਬਰ- RLE 1010
ਕੰਪਨੀ- ਰੀਗਲ

ਇਸੇ ਤਰ੍ਹਾਂ ਮੋਹਨੀ ਨਰੂਲਾ ਦੀ ਆਵਾਜ਼ ਵਿੱਚ ਇਕ ਹੋਰ ਧਾਰਮਿਕ ਗੀਤ ਦੇਖੋ:

*ਕਿਤੇ ਵੇਖਿਆ ਏ ਸਈਓ ਵੀਰ ਮੇਰਾ*
*ਉਹਦੀ ਇਹ ਜੇ ਨਿਸ਼ਾਨੀ*
*ਉਹਦੀ ਸਭਿਅਤਾ ਪੁਰਾਣੀ*
*ਲੰਮਾ ਚੋਲਾ ਤੇ ਮੁੱਖ ਵਿੱਚੋਂ ਪੜ੍ਹਦਾ ਏ ਬਾਣੀ*

*ਨਗਰ ਨਗਰ ਵਿੱਚ ਦਿਓ ਢੰਡੋਰਾ, ਵੀਰ ਸੁਣੇ ਝੱਟ ਆਵੇ*
*ਬਾਲਾ 'ਤੇ ਮਰਦਾਨਾ ਲੈਕੇ ਸਤਿ ਕਰਤਾਰ ਬੁਲਾਵੇ*
*ਮੁਖੜੇ ਉੱਤੋਂ ਆਏ 'ਚਮਕ' ਉਹ ਮੁੜਕੇ ਫੇਰ ਰੂਹਾਨੀ*
*ਉਹਦੀ ਇਹ ਜੇ ਨਿਸ਼ਾਨੀ, ਉਹਦੀ ਸਭਿਅਤਾ ਪੁਰਾਣੀ*
*ਲੰਮਾ ਚੋਲਾ ਤੇ ਮੁੱਖ ਵਿੱਚੋਂ ਪੜ੍ਹਦਾ ਏ ਬਾਣੀ*

ਗਾਇਕਾ- ਮੋਹਨੀ ਨਰੂਲਾ
ਗੀਤਕਾਰ- ਹਰਭਜਨ ਸਿੰਘ 'ਚਮਕ'
ਸੰਗੀਤਕਾਰ- ਕੇਸਰ ਸਿੰਘ ਨਰੂਲਾ
ਰਿਕਾਰਡ ਨੰ: EMOE 10507
ਸਾਲ- 1972
ਕੰਪਨੀ- ਓਡੀਅਨ( ਐਚ.ਐਮ.ਵੀ.)

'ਚਮਕ' ਜੀ ਦੀ ਇਕ ਹੋਰ ਧਾਰਮਿਕ ਕਵਿਤਾ:

*ਸੁਣਾਵਾਂ ਲਹੂ ਵਿੱਚ ਲਿਬੜੀ ਹੋਈ ਤਸਵੀਰ ਦਾ ਸਾਕਾ*
*ਜਿਗਰ ਦੇ ਵਾਰ ਕੇ ਟੋਟੇ, ਸੁੱਤੇ ਹੋਏ ਪੀਰ ਦਾ ਸਾਕਾ*
*ਕਦਮ ਚੁੰਮੇ ਜੀਹਦੇ ਧਰਤੀ, ਕਰੇ ਅੰਬਰ ਜੀਹਨੂੰ ਸਿਜਦੇ*
*ਲਿਖਣ ਲੱਗਿਆਂ ਕਲਮ ਤੜਪੀ, ਸ਼ਾਹੀ ਫ਼ਕੀਰ ਦਾ ਸਾਕਾ*
*ਅਨੋਖੇ ਢੰਗ ਦਾ ਰਾਹੀ, ਅਨੋਖੀ ਨੀਂਦਰੇ ਸੁੱਤਾ*
*ਵਿਧਾਤਾ ਅਜਬ ਲਿਖਿਆ ਏ, ਇਹਦੀ ਤਕਦੀਰ ਦਾ ਸਾਕਾ*
*ਵੇ ਪੱਤਿਓ ਖੜਖੜਾਓ ਨਾ, ਹਵਾਏ ਸ਼ੁਕ ਨਾ ਬਹੁਤੀ*
*ਲਿਖਣ ਦੇਵੋ ਤੁਸੀਂ ਮੈਨੂੰ, ਇਹਦੀ ਸ਼ਮਸ਼ੀਰ ਦਾ ਸਾਕਾ*
*ਵਾਰ ਕੇ ਪਿਤਾ ਆਪਣੇ ਨੂੰ, ਬਚਾਇਆ ਦੇਸ਼ ਸੀ ਇਹਨੇ*
*ਗਵਾਹੀ ਦੇ ਰਿਹਾ ਅੱਜ ਵੀ, ਦੇਖੋ ਕਸ਼ਮੀਰ ਦਾ ਸਾਕਾ*
*ਖ਼ਾਤਰ ਵਤਨ ਦੀ ਦੇਖੋ, ਲੱਖਾਂ ਦੁੱਖੜੇ ਰਿਹਾ ਜਰਦਾ*
*ਇਹ ਹੈ 'ਚਮਕ' ਅੰਮ੍ਰਿਤ ਦੀ ਨਿਰੀ ਤਾਸੀਰ ਦਾ ਸਾਕਾ*

ਪੰਜਾਬੀ ਦੇ ਸਿਰਮੌਰ ਗਾਇਕ ਤੇ ਅਦਾਕਾਰ ਗੁਰਦਾਸ ਮਾਨ ਦੀ ਪੰਜਾਬੀ ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦੇ ਗੀਤ ਵੀ 'ਹਰਭਜਨ ਸਿੰਘ ਚਮਕ' ਨੇ ਲਿਖੇ। ਉਹਨਾਂ ਵਿੱਚ ਸਰਬਜੀਤ ਕੌਰ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਇਕ ਗੀਤ:

*ਮਾਤਾ ਸੁੰਦਰੀ ਪੁੱਛੇ ਬਾਜਾਂ ਵਾਲਿਓ,*
*ਮੇਰੇ ਲਾਲ ਪਿਆਰੇ ਤੁਹਾਡੇ ਨਾਲ ਨਹੀਂ*
*ਦੇ ਦੇ ਲੋਰੀਆਂ ਜਿਹਨਾਂ ਨੂੰ ਮੈਂ ਸੀ ਪਾਲਿਆ,*
*ਓਹੋ ਅੱਖੀਆਂ ਦੇ ਤਾਰੇ ਤੁਹਾਡੇ ਨਾਲ ਨਹੀਂ*

*ਕਿੱਥੇ ਛੱਡ ਆਏਓ ਹੰਸਾਂ ਦੀ ਡਾਰ ਨੂੰ*
*ਕਿੱਥੇ ਛੱਡ ਆਏਓ ਮਿੱਠੇ ਮਿੱਠੇ ਪਿਆਰ ਨੂੰ*
*ਮਾਵਾਂ ਪੁੱਤਰ ਦੇ ਬਾਝ ਨਾ ਸੁਹਾਂਦੀਆਂ*
*ਮਾਵਾਂ ਪੁੱਤਰਾਂ ਤੋਂ ਵਾਰੇ ਵਾਰੇ ਜਾਂਦੀਆਂ*
*ਤੁਸੀਂ ਸਾਗਰ ਅਥਾਹ ਹੋ ਬਾਜਾਂ ਵਾਲਿਓ*
*ਅੱਜ ਦਿਸਦੇ ਕਿਨਾਰੇ ਤੁਹਾਡੇ ਨਾਲ ਨਹੀਂ*

*ਤੁਸੀਂ ਕਹਿ ਲਿਆ ਬੜਾ ਕੁੱਝ ਕਹਿ ਲਿਆ*
*ਅਸਾਂ ਚੁੱਪ ਵੱਟ ਸਾਰਾ ਕੁੱਝ ਸਹਿ ਲਿਆ*
*ਤੇਰੇ ਲਾਲਾਂ ਉੱਤੇ ਮਾਨ ਸਾਰੇ ਜੱਗ ਨੂੰ*
*ਉਹਨਾਂ ਉੱਚਾ ਕੀਤਾ ਦਾਦੇ ਦੀ ਪੱਗ ਨੂੰ*
*ਸਿਰ ਕਰਜਾ ਨਾ ਰੱਖਿਆ ਗੋਬਿੰਦ ਨੇ*
*ਤਾਂਹੀਓਂ ਰਾਜ ਦੁਲਾਰੇ ਮੇਰੇ ਨਾਲ ਨਹੀਂ*

ਉਪਰੋਕਤ ਗੀਤ ਨੂੰ ਸੁਣ ਕੇ ਤਾਂ ਹਰ ਧਰਮ ਦੇ ਸ੍ਰੋਤੇ ਦੇ ਨੈਣੋਂ ਨੀਰ ਵਹਿ ਤੁਰਦਾ ਹੈ। ਇਸੇ ਫਿਲਮ ਵਿੱਚ ਚਮਕ ਜੀ ਦਾ ਲਿਖਿਆ ਟਾਈਟਲ ਗੀਤ ਜਿਸਨੂੰ ਸੁਰਿੰਦਰ ਛਿੰਦਾ ਨੇ ਗਾਇਆ, ਜੋ ਕਿ ਹਰ ਪੰਜਾਬੀ ਘਰ 'ਚ ਸਵੇਰੇ ਸੁਣਿਆ ਜਾਂਦਾ ਹੈ:

*ਛੱਡਦੇ ਉਸ ਦਾਤਾ ਦੇ ਉੱਤੇ, ਤੇ ਬਣ ਜਾ ਆਪ ਨਿਮਾਣਾ*
*ਦਿਲ ਤੇਰੇ ਦੀਆਂ ਬੁੱਝਣ ਵਾਲਾ, ਉਹ ਨਾਨਕ ਮੰਨ ਭਾਣਾ*
*ਉੱਚਾ ਦਰ ਬਾਬੇ ਨਾਨਕ ਦਾ*
*ਉੱਚਾ ਦਰ ਬਾਬੇ ਨਾਨਕ ਦਾ*
*ਸਰਦਲ 'ਤੇ ਤੂੰ ਸਿਰ ਰੱਖ ਕੇ, ਆਪਣੀ ਤਕਦੀਰ ਜਗਾ ਲੈ*
*ਇਹ ਪਿਆਸੇ ਦੀ ਮੰਜਿਲ ਹੈ, ਤੂੰ ਆਪਣੀ ਪਿਆਸ ਬੁੱਝਾ ਲੈ*
*ਝੂਠੀ ਇਹ ਦੁਨੀਆਂ ਸਾਰੀ, ਸੱਚ ਦਾ ਇਹ ਖਜ਼ਾਨਾ*
*ਉੱਚਾ ਦਰ ਬਾਬੇ ਨਾਨਕ ਦਾ*
*ਉੱਚਾ ਦਰ ਬਾਬੇ ਨਾਨਕ ਦਾ*
*ਰਾਤ ਗਮਾਂ ਦੀ ਲੰਮੀ ਤਾਂ ਕੀ ? ਸਵੇਰ ਤਾਂ ਹੋ ਸਕਦੀ ਏ*
*ਹਨੇਰ ਨਹੀਂ ਦਾਤਾ ਦੇ ਘਰ ਵਿੱਚ, ਦੇਰ ਤਾਂ ਹੋ ਸਕਦੀ ਏ*
*ਸੇਵਾ ਪਿਆਰ ਦਾ ਰਸਤਾ ਫੜ੍ਹ ਲੈ, ਜੇ ਹੈ ਉਸਨੂੰ ਪਾਣਾ*
*ਉੱਚਾ ਦਰ ਬਾਬੇ ਨਾਨਕ ਦਾ*
*ਉੱਚਾ ਦਰ ਬਾਬੇ ਨਾਨਕ ਦਾ*

ਦੇਸ਼ ਦੀ ਵੰਡ ਵੇਲੇ ਜਦੋਂ ਫਿਰਕੂ ਫਸਾਦ ਹੋਏ, ਉਸ ਵੇਲੇ ਹਰਭਜਨ ਸਿੰਘ ਬਾਲ ਅਵਸਥਾ 'ਚੋਂ ਜਵਾਨੀ ਦੀ ਦਹਿਲੀਜ ਤੇ ਪੈਰ ਰੱਖ ਰਿਹਾ ਸੀ। ਖ਼ੂਨ ਗਰਮ ਸੀ, ਗਰੀਬੀ ਦਾ ਮੁਕਾਬਲਾ ਵੀ ਕੀਤਾ, ਘਰ ਵੀ ਵਸਾਇਆ ਤੇ ਫਿਰਕੂ ਫਸਾਦ 'ਚੋਂ ਉੱਭਰ ਕੇ ਜ਼ਿੰਦਗੀ ਨੂੰ ਲੀਹ ਤੇ ਚੜ੍ਹਾ ਲਿਆ। ਪਰ ਚੁਰਾਸੀ ਦੇ ਦਿੱਲੀ ਕਤਲੇਆਮ ਨੂੰ ਬਰਦਾਸ਼ਤ ਕਰਨ ਦੀ ਉਸ ਵਿੱਚ ਸਮਰੱਥਾ ਨਹੀਂ ਸੀ। 1984 ਦੀ ਕਤਲੋਗਾਰਤ ਵੇਲੇ ਪ੍ਰੀਤ ਵਿਹਾਰ ਦਿੱਲੀ ਵਿੱਚ ਉਨ੍ਹਾਂ ਦੇ ਪੁੱਤਰ ਸਰਬਜੀਤ ਸਿੰਘ ਨੂੰ ਫਿਰਕੂ ਜਨੂੰਨੀਆਂ ਨੇ ਘਰ ਅੰਦਰ ਹੀ ਸਾੜ ਦਿੱਤਾ। ਚਮਕ ਜੀ ਜਵਾਨ ਪੁੱਤਰ ਦੀ ਮੌਤ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਮੰਜੇ 'ਚ ਪੈ ਗਏ। 1985 ਵਿੱਚ ਮਾਂ-ਬੋਲੀ ਪੰਜਾਬੀ ਲਈ ਗੀਤਾਂ ਦੇ ਗਹਿਣੇ ਘੜ੍ਹਨ ਵਾਲੇ ਚਮਕ ਜੀ ਜਹਾਨੋਂ ਤੁਰ ਗਏ। ਪਰ ਉਨ੍ਹਾਂ ਦੇ ਲਿਖੇ ਗੀਤ ਪੰਜਾਬੀ ਮਾਂ-ਬੋਲੀ ਦੇ ਗਲ਼ ਵਿੱਚ ਗਹਿਣਿਆਂ ਵਾਂਗ ਹਮੇਸ਼ਾ ਚਮਕਦੇ ਰਹਿਣਗੇ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕੈਨੇਡਾ ਦੇ ਬਦਲਦੇ ਰੰਗ


ਜਸਵਿੰਦਰ ਸਿੱਧੂ



ਜਦੋਂ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਤੇ ਪਹੁੰਚਿਆ ਸੀ ਉਸ ਵੇਲੇ ਦੀ ਸਰਕਾਰ ਦੀ ਨੀਤੀ ਅਤੇ ਵਿਵਹਾਰ ਨੂੰ ਅੱਜ ਦੇ ਕੈਨੇਡਾ ਦੀ ਸਰਕਾਰ ਦੇ ਵਿਵਹਾਰ ਨਾਲ ਤੁਲਨਾ ਕਰਕੇ ਹੈਰਾਨੀ ਹੁੰਦੀ ਹੈ। ਸਰਕਾਰ ਨੇ ਵਕਤ ਦੇ ਹਾਲਾਤਾਂ ਨੂੰ ਸਮਝ ਕੇ ਆਪਣੇ ਵਿਵਹਾਰ ਵਿੱਚ ਬਦਲਾਅ ਕੀਤੇ ਜਿਸ ਕਰਕੇ ਇਸ ਮੁਲਕ ਵਿੱਚ ਅੱਜ ਹਰ ਮਜ਼ਹਬ, ਹਰ ਫ਼ਿਰਕਾ, ਹਰ ਬੋਲੀ ਬਿਨਾ ਕਿਸੇ ਦਬਾਅ ਦੇ ਆਪਣੀ ਗੱਲ ਕਰ ਸਕਦੇ ਹਨ ਅਤੇ ਪ੍ਰਚਾਰ - ਪਸਾਰ ਵੀ ਕਰ ਸਕਦੇ ਹਨ। ਹੌਲੀ ਹੌਲੀ ਅਹਿਸਾਸ ਹੋ ਰਿਹਾ ਹੈ ਕਿ ਜਦੋਂ ਬਹੁਤੀ ਆਜ਼ਾਦੀ ਮਿਲਦੀ ਹੈ ਤਾਂ ਬਹੁਤੇ ਲੋਕ ਇਹ ਸਮਝ ਲੈਂਦੇ ਹਨ ਕਿ ਸਾਨੂੰ ਹਰ ਵਧੀਕੀ ਕਰਨ ਦੀ ਵੀ ਆਜ਼ਾਦੀ ਮਿਲ ਗਈ ਹੈ। ਜ਼ੁਲਮ ਦੇ ਵਿਰੁੱਧ ਹਰੇਕ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਪਰ ਇਸ ਗੱਲ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਇਹ ਆਵਾਜ਼ ਏਨੀ ਉੱਚੀ ਅਤੇ ਸ਼ੋਰ-ਸ਼ਰਾਬੇ ਵਾਲੀ ਨਾ ਹੋਵੇ ਜਿਸ ਨਾਲ ਆਮ ਲੋਕਾਂ ਦੇ ਕੰਨਾਂ ਦੇ ਪਰਦੇ ਪਾਟ ਜਾਣ। ਇਸਦੇ ਨਾਲ ਨਾਲ ਆਵਾਜ਼ ਨੂੰ ਬੁਲੰਦ ਕਰਨ ਦਾ ਤਰੀਕਾ ਸੱਭਿਅਕ ਵੀ ਹੋਵੇ ਜਿਸ ਨਾਲ ਆਮ ਵਿਅਕਤੀ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਹੁਤੇ ਲੋਕ ਜਿਹੜੇ ਦੂਜੇ ਮੁਲਕਾਂ ਤੋਂ ਪਰਵਾਸ ਕਰਕੇ ਇੱਥੇ ਆਏ ਹਨ ਉਨ੍ਹਾਂ ਵਿੱਚੋਂ ਬਹੁਤੇ ਆਪਣੇ ਨਾਲ ਆਪਣਾ ਪਿਛਲਾ ਵਿਵਹਾਰ, ਓਹੀ ਕੱਟੜਤਾ, ਓਹੀ ਜਾਂਗਲੀ ਪੁਣਾ ਅਤੇ ਵਿਚਰਨ ਦਾ ਢੰਗ ਵੀ ਨਾਲ ਹੀ ਲੈ ਆਏ ਹਨ। ਕੈਨੇਡਾ ਦੇ ਕੁੱਝ ਰਾਜਨੀਤਕ ਧੜਿਆਂ ਅਤੇ ਮੁਹਤਬਰ ਲੀਡਰਾਂ ਨੇ ਆਪਣੇ ਹੱਕ ਵਿੱਚ ਵੋਟ ਬੈਂਕ ਨੂੰ ਕਰਨ ਲਈ ਅਜਿਹੇ ਆਪ ਹੁਦਰੇ ਲੋਕਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ ਹਨ ਜਿਸ ਦਾ ਖ਼ਮਿਆਜ਼ਾ ਸਾਡੇ ਬੱਚੇ ਜ਼ਰੂਰ ਅਦਾ ਕਰਨਗੇ। ਅੱਜ ਕੈਨੇਡਾ ਅਪਰਾਧੀਆਂ ਲਈ ਸੌਫ਼ਟ ਜ਼ੋਨ ਬਣ ਗਿਆ ਹੈ। ਅੱਜ ਦੇ ਹਾਲਾਤ ਇਹ ਹਨ ਕਿ ਕਿ ਘਟਨਾ ਦੁਨੀਆਂ ਵਿੱਚ ਕਿਤੇ ਵੀ ਵਾਪਰੇ ਪਰ ਉਸ ਮੁਲਕ ਦੇ ਲੋਕ ਕੈਨੇਡਾ ਵਿੱਚ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹਨ, ਗੱਲ ਰੌਲੇ ਤੇ ਹੀ ਨਹੀਂ ਰੁਕ ਜਾਂਦੀ ਫਿਰ ਉਹ ਆਪਣੇ ਫਿਰਕੇ ਦੇ ਲੋਕਾਂ ਨੂੰ ਇਕੱਠੇ ਕਰਕੇ ਸੜਕਾਂ ਪਰਦਰਸ਼ਨ ਕਰਦੇ ਹਨ ਜਿਸ ਨਾਲ ਆਮ ਜਨਤਾ ਪ੍ਰੇਸ਼ਾਨ ਹੁੰਦੀ ਹੈ। ਕੈਨੇਡਾ ਦੀ ਪੁਲੀਸ ਨੂੰ ਸੁਰੱਖਿਆ ਦੇ ਇੰਤਜ਼ਾਮ ਕਰਨੇ ਪੈਂਦੇ ਹਨ ਕਿ ਦੋਨਾਂ ਧੜਿਆਂ ਵਿੱਚ ਸਥਿਤੀ ਹਿੰਸਕ ਨਾ ਹੋ ਜਾਵੇ। ਹੁਣ ਤਾਂ ਪੁਲੀਸ ਨੂੰ ਕਈ ਫ਼ਿਰਕਿਆਂ ਦੇ ਘਰਾਂ ਅਤੇ ਕਾਰੋਬਾਰਾਂ ਨੂੰ ਸੁਰੱਖਿਅਤ ਰੱਖਣ ਲਈ ਵਾਧੂ ਡਿਊਟੀ ਦੇਣੀ ਪੈ ਰਹੀ ਹੈ। ਕੈਨੇਡਾ ਦੇ ਹਾਲਾਤ ਇਹ ਬਣ ਗਏ ਹਨ ਕਿ ਹਥਿਆਰ ਵਿਖਾ ਕੇ ਕੀਤੀ ਚੋਰੀ ਨੂੰ ਪੁਲੀਸ ਪਹਿਲ ਦੇ ਅਧਾਰ ਤੇ ਹੱਲ ਨਹੀਂ ਕਰ ਰਹੀ। ਅੱਜ ਦੇ ਵਕਤ ਦੌਰਾਨ ਆਮ ਕੈਨੇਡੀਅਨ ਸ਼ਹਿਰੀ ਇਸ ਮੁਲਕ ਦੇ ਬਦਲ ਰਹੇ ਹਾਲਾਤਾਂ ਨੂੰ ਲੈ ਕੇ ਜਿੰਨਾ ਚਿੰਤਤ ਹੈ ਸ਼ਾਇਦ ਪਹਿਲਾਂ ਕਦੀ ਨਹੀਂ ਸੀ।

ਮਾੜੇ ਹਾਲਾਤਾਂ ਨਾਲ ਹਮਦਰਦੀ ਰੱਖਣ ਵਾਲੇ ਗੁਰਗੇ ਹਰ ਮੁਲਕ ਵਿੱਚ ਹੁੰਦੇ ਹਨ ਜਿਹੜੇ ਸ਼ੋਸ਼ਲ ਮੀਡੀਆ ਤੇ ਵੀ ਸਰਗਰਮ ਹਨ ਅਤੇ ਜਦੋਂ ਕੋਈ ਇਨ੍ਹਾਂ ਬਾਰੇ ਲਿਖਦਾ ਹੈ ਤਾਂ ਇਹ ਝੱਟ ਜਾਗ ਪੈਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਹਾਲਾਤਾਂ ਲਈ ਕੋਈ ਨੱਥ ਨੀਤੀ ਜਲਦ ਤਿਆਰ ਕਰਕੇ ਉਸ ਤੇ ਅਮਲ ਕੀਤਾ ਜਾਵੇ ਵਰਨਾ ਕੈਨੇਡਾ ਦਾ ਨਾਮ ਜਲਦੀ Third World Countries ਵਿੱਚ ਲਿਆ ਜਾਇਆ ਕਰੇਗਾ।

# ਉਹ ਵੇਲਾ ਯਾਦ ਕਰ




ਇੱਕ ਵਾਰੀ ਇੱਕ ਬਜ਼ੁਰਗ ਮਾਤਾ ਨੇ ਬੈਂਕ ਵਿੱਚ ਕਾਊਂਟਰ ਤੇ ਬੈਠੀ ਲੜਕੀ ਨੂੰ ਕਿਹਾ ਕਿ ਮੈਂ ਆਪਣੇ ਖਾਤੇ ਵਿੱਚੋਂ ਦਸ ਰੁਪਏ ਲੈਣੇ ਹਨ। ਖਿਝੀ ਹੋਈ ਲੜਕੀ ਨੇ ਮਾਤਾ ਨੂੰ ਕਿਹਾ, "ਹਜ਼ਾਰ ਤੋਂ ਘੱਟ ਨਹੀਂ ਕਢਵਾ ਸਕਦੇ।" ਵਾਰ ਵਾਰ ਮਿੰਨਤਾਂ ਕਰਨ ਤੇ ਵੀ ਕੁੜੀ ਨਾ ਮੰਨੀ। ਉਹ ਕੁੜੀ ਕਹੀ ਜਾਵੇ, " ਫੇਰ ਕਦੀ ਆਇਓ" ਤੇ ਕੋਲ ਬੈਠੀ ਕਲਰਕ ਨੂੰ ਕਹਿ ਰਹੀ ਸੀ, " ਆਹ ਬਜ਼ੁਰਗਾਂ ਨੂੰ ਕੋਈ ਗੱਲ ਖਾਨੇ ਈ ਨਹੀਂ ਪੈਂਦੀ।" ਮਾਤਾ ਨੇ ਹਜ਼ਾਰ ਰੁਪਏ ਕਢਵਾਉਣ ਦੀ ਪਰਚੀ ਭਰੀ, ਪਰ ਨਾਲ ਹੀ ਨੌਂ ਸੌ ਨੱਬੇ (990) ਜਮਾਂ ਕਰਵਾਉਣ ਦੀ ਪਰਚੀ ਵੀ ਨੱਥੀ ਕਰ ਦਿੱਤੀ। ਜਵਾਨ ਪੀੜ੍ਹੀ ਬਜ਼ੁਰਗਾਂ ਦੇ ਤਜ਼ਰੁਬੇ ਨੂੰ ਫਜ਼ੂਲ ਜਾਣਦੀ ਇਹ ਸੰਸਾਰ ਆਪਣੀ ਮਰਜੀ ਨਾਲ ਹੰਢਾ ਰਹੀ ਹੈ। ਪਰ ਇਹ ਦੁਨੀਆਂ ਤੋਂ ਵਿਦਾ ਹੋ ਚੱਲੀ ਉਹ ਪੀੜ੍ਹੀ ਹੈ ਜਿਸ ਨੇ ਪੂਰੀ ਉਮਰ ਮਾਨਵ ਦੀ ਉੱਨਤੀ ਦਾ ਇਤਿਹਾਸ ਜੋ ਦੇਖਿਆ ਹੈ, ਉਹ ਸ਼ਾਇਦ ਹੀ ਕੋਈ ਹੋਰ ਪੀੜ੍ਹੀ ਇਉਂ ਦੇਖ ਸਕੇ। ਅਸੀਂ ਆਖਰੀ ਪੀੜ੍ਹੀ ਹਾਂ ਜਿਸਨੇ ਬੈਲਗੱਡੀ ਤੋਂ ਸੁਪਰ ਸੌਨਿਕ ਜਾਂ ਚੰਦ ਤੱਕ ਪੁੱਜਦਾ ਰਾਕਟ ਦਾ ਸਫ਼ਰ ਦੇਖਿਆ ਜਾਂ ਸੁਣਿਆ ਹੈ। ਬਰੰਗ ਚਿੱਠੀ ਤੋਂ ਵਰਚੂਅਲ ਚਾਟ ਹੁੰਦੀ ਵੇਖੀ ਹੈ। ਮਿੱਟੀ ਦੇ ਘਰਾਂ ਵਿੱਚ ਜਮੀਨ ਤੇ ਚੌਂਕੜੀ ਮਾਰ ਕੇ ਖਾਣ ਤੋਂ ਫਾਈਵ ਸਟਾਰ ਤੱਕ ਜਾ ਕੇ ਵੇਖਿਆ ਹੈ। ਮੇਰੇ ਮਾਤਾ ਜੀ ਕਿਹਾ ਕਰਦੇ ਸਨ, " ਭੁੰਜੇ ਬੈਠ ਕੇ ਖਾਣਾ ਖਾਣ ਨਾਲ ਜੋ ਕਿਣਕਾ ਹੇਠਾਂ ਡਿੱਗੂ, ਕਿਸੇ ਕੀੜੇ ਮਕੌੜੇ ਮੂੰਹ ਜਾਊ। ਇਉਂ ਅਨਾਜ ਦੇ ਕਿਣਕੇ ਦਾ ਆਦਰ ਦੇਖ ਕੇ ਅੱਜ ਮਿਲੀਅਨ ਡਾਲਰ ਦਾ ਭੋਜਨ ਗਾਰਬੇਜ ਹੁੰਦਾ ਜਰ ਰਹੇ ਹਾਂ। ਘਰਦਿਆਂ ਤੋਂ ਚੋਰੀ ਨਾਵਲ ਪੜ੍ਹੇ ਸਨ। ਨਾਵਲ ਦੇ ਪਾਤਰਾਂ ਨਾਲ ਆਪ ਜਾ ਤੁਰਦੇ ਸੀ। ਕੁੜੀਆਂ ਲਈ ਖ਼ਤ ਲਿਖਣ ਦੀ ਮਨਾਹੀ ਸੀ। ਮੈਂ ਹੁਣ ਟੀ ਵੀ ਤੇ ਦਾਦੀ ਨਾਲ ਬੈਠੀ ਪੋਤੀ ਨੂੰ ਦੂਜੀ ਵੱਖੀ ਸੰਗ ਬੈਠੇ ਲੜਕੇ ਲਈ ਬਿਨਾ ਆਵਾਜ਼ ਹਰ ਸੁਨੇਹਾ ਚੋਰੀ ਭੇਜਦੀ ਵੇਖੀ ਹੈ।

ਅਸੀਂ ਘਰਦਿਆਂ ਦੇ ਦੋ ਸਤਰਾਂ ਵਾਲੇ ਖ਼ਤ ਦੀ ਮਹੀਨਾ ਭਰ ਉਡੀਕ ਕਰਦੇ ਰਹੇ ਹਾਂ। ਕਸ ਕੇ ਗੁੰਦੀਆਂ ਗੁੱਤਾਂ, ਸਰੋਂ ਦੇ ਤੇਲ ਨਾਲ ਚੋਪੜੇ ਸਿਰ ਤੇ ਤੁਰਕੇ ਸਕੂਲ ਜਾਂ ਵਿਆਹ ਸ਼ਾਦੀ ਸਮੇਂ ਜਾਂਦੇ ਰਹੇ। ਮਾਪਿਆਂ ਦੀ ਉਮਰ ਦੇ ਹਰ ਬਜ਼ੁਰਗ ਤੋਂ ਅੰਦਰ ਤੱਕ ਸਹਿਮ ਜਾਂਦੇ ਸੀ। ਮਰਦ ਬਜ਼ੁਰਗਾਂ ਨੂੰ ਦੂਰੋਂ ਆਉਂਦਾ ਵੇਖ ਘਰ ਦੀਆਂ ਖੱਲਾਂ ਖੂੰਜੇ ਚ' ਦਬਕ ਜਾਂਦੇ ਸੀ। ਸਕੂਲੋਂ ਟੀਚਰਾਂ ਦਾ ਦਬਕਾ ਅਤੇ ਘਰ ਆ ਕੇ ਬਜ਼ੁਰਗਾਂ ਦਾ ਰੋਹਬ ਜਰਦੇ ਰਹੇ। ਬੀ ਬੀ ਸੀ ਤੇ ਕੈਨੇਡਾ ਅਮਰੀਕਾ ਦੀਆਂ ਖਬਰਾਂ ਕੌਤਕੀ ਪਰੀ ਕਹਾਣੀਆਂ ਸਨ। ਅਸੀਂ ਆਪਣੇ ਆਲੇ ਭੋਲੇ ਬਚਪਨ ਸਮੇਂ ਵੱਡਿਆਂ ਦੇ ਹਰ ਬੋਲ ਨੂੰ ਸਤਿ ਬਚਨ ਕਰਕੇ ਕਬੂਲਦੇ ਰਹੇ। ਅੱਜ ਕੀ, ਕਿਉਂ ਅਤੇ ਕਿਵੇਂ ਦੇ ਰਾਹ ਪਈ ਉੱਠਦੀ ਪਨੀਰੀ ਨੂੰ ਮੂਹਰਿਓਂ ਜਵਾਬ ਦੇ ਕੇ ਖ਼ੁਦਗਰਜ਼ ਹੋਏ ਮਾਪਿਆਂ ਵੱਲ ਪਿੱਠ ਕਰਕੇ ਜਰਦੇ ਹਾਂ। ਅਸੀਂ ਆਪਣੇ ਮਾਪਿਆਂ ਤੋਂ ਵੀ ਡਰਦੇ ਸੀ ਹੁਣ ਆਪਣੇ ਬੱਚਿਆਂ ਤੋਂ ਵੀ ਡਰਦੇ ਹਾਂ। ਸਾਡੇ ਲਈ ਕਈ ਲੋਕ ਕੈਨੇਡਾ ਮਿਲਦੇ ਪੀਜ਼ੇ ਵਰਗੇ ਚੌਰਸ ਬੰਦ ਡੱਬੇ ਵਾਂਗ ਮਿਲਦੇ ਹਨ ਜੋ ਵਰਤਣ ਸਮੇਂ ਤਿਕੋਣੇ ਹੋ ਜਾਂਦੇ ਹਨ। ਬਚਪਨ ਵਿੱਚ ਜਦੋਂ ਅਸੀਂ ਕਿਤੇ ਗੱਡੀ ਦਾ ਸਫ਼ਰ ਕਰਨਾ ਹੁੰਦਾ ਸੀ, ਲੋਕ ਬਾਹਰਲਾ ਖਾਣਾ ਖਾਂਦੇ ਸਨ ਸਾਨੂੰ ਪੋਣੇ ਬੰਨ੍ਹੀ ਰੋਟੀ ਦੀ ਥਾਂ ਉਸ ਖਾਣੇ ਦੀ ਖੁਸ਼ਬੂ ਭਰਮਾਉਂਦੀ ਸੀ। ਹੁਣ ਉਹੀ ਲੋਕ ਘਰ ਦਾ ਖਾਣਾ ਖਾਂਦੇ ਹਨ ਅਤੇ ਅਸੀਂ ਬਾਹਰਲਾ ਖਾਣਾ ਖਾਂਦੇ ਹਾਂ। ਅਸੀਂ ਜਦ ਸੂਤੀ ਕੱਪੜੇ ਪਹਿਨਦੇ ਤੇ ਉਹ ਲੋਕ ਟੈਰਾਲੀਨ ਪਹਿਨਦੇ ਸਨ, ਹੁਣ ਜਦ ਅਸੀਂ ਟੈਰਾਲੀਨ ਤੱਕ ਅੱਪੜੇ ਹਾਂ, ਉਹ ਸੂਤੀ ਵੱਲ ਮੁੜ ਆਏ ਹਨ। ਪਹਿਲਾਂ ਉਹ ਕਾਰਾਂ ਤੇ ਸਵਾਰ ਹੋਏ, ਅਸੀਂ ਸਾਈਕਲ ਤੇ ਝੂਰਦੇ ਜਾਂਦੇ ਸੀ ਪਰ ਅਸੀਂ ਪੂਰੀ ਵਾਹ ਲਾ ਕੇ ਜਦ ਚਾਰ ਟਾਇਰਾਂ ਤੇ ਸਵਾਰ ਹੋਏ, ਉਹ ਲੋਕ ਸਾਈਕਲ ਵੱਲ ਪਰਤ ਆਏ ਹਨ। ਸਾਡੇ ਬਜ਼ੁਰਗ ਖੂਹ ਦਾ ਪਾਣੀ ਪੀ ਕੇ ਸੌ ਸਾਲ ਤੱਕ ਤੰਦਰੁਸਤ ਰਹੇ ਹਨ ਤੇ ਹੁਣ ਪੁਣ ਕੇ ਆਰ ਓ ਦਾ ਪਾਣੀ ਵਰਤ ਕੇ ਚਾਲੀ ਸਾਲ ਤੱਕ ਵੀ ਬਿਨਾ ਬਿਮਾਰੀ ਤੋਂ ਸ਼ਾਇਦ ਹੀ ਅੱਪੜਦੇ ਹੋਣ। ਕੁੱਲ ਮਿਲਾ ਕੇ ਸਾਡੀ ਸਾਦਗੀ ਜਾਂ ਕੁਦਰਤ ਦੇ ਨੇੜੇ ਹੋ ਕੇ ਜਿਊਣਾ ਹੀ ਸਾਡੀ ਨਿਭੀ ਸਿਹਤ ਦਾ ਰਾਜ਼ ਕਿਹਾ ਜਾ ਸਕਦਾ ਹੈ।

ਅਸੀਂ ਇਹ ਸਭ ਆਪਣਾ ਹੰਢਾਇਆ ਅਹਿਸਾਸ ਅਗਲੀ ਪੀੜ੍ਹੀ ਨੂੰ ਵਿਰਾਸਤ ਵਾਂਗ ਪਰੋਸਣਾ ਚਾਹੁੰਦੇ ਹਾਂ ਪਰ ਅਗਲੀ ਪੀੜ੍ਹੀ ਮੈਂ ਮੇਰੀ ਦੀ ਮੁਹਾਰਨੀ ਜਾਣਦੀ ਇਸ ਤਜਰੁਬੇ ਨੂੰ ਫਜ਼ੂਲ ਜਾਣਦੀ ਹੈ। ਕਿਸੇ ਰੁੱਖ ਦੀਆਂ ਕਰੂੰਬਲਾਂ ਜਾਂ ਪੱਤੇ ਸੋਹਣੇ ਲੱਗਦੇ ਹਨ ਪਰ ਮੌਸਮ ਦੀ ਤਾਬ ਨਹੀਂ ਝੱਲਦੇ। ਕਦੇ ਕਦੇ ਟਾਹਣੀਆਂ ਵੀ ਭਾਰ ਨਹੀਂ ਝੱਲਦੀਆਂ ਪਰ ਜੜ੍ਹਾਂ ਸਭ ਕੁੱਝ ਜਰਦੀਆਂ ਵੀ ਵਤਰ ਦੇਖ ਕੇ ਫੇਰ ਫੁੱਟ ਤੁਰਦੀਆਂ ਹਨ।

ਮੇਰਾ ਜਮਾਤੀ ਕੁਲਵੰਤ ਲਿਖਦਾ ਹੈ-

ਪੁੱਤਰ ਤਾਂ ਪਰਦੇਸੀਂ ਜਾ ਕੇ ਪੌਂਡ ਡਾਲਰ ਬਣ ਜਾਵਣਗੇ।
ਮਾਵਾਂ ਆਪਣੇ ਦਿਲ ਦੇ ਸਦਮੇ ਢਿੱਡਾਂ ਵਿਚ ਲਕੋਣਗੀਆਂ।
ਛੱਡ ਖੇਤਾਂ ਦੇ ਦਾਅਵੇ ਬਾਬਾ ਥਾਵਾਂ ਦਾ ਵੀ ਮੋਹ ਛੱਡ ਦੇ,
ਤੇਰੀਆਂ ਨਸਲਾਂ ਹੌਲੀ ਹੌਲੀ ਸਿਵਿਆਂ ਤੱਕ ਨੂੰ ਵਾਹੁਣਗੀਆਂ।
---ਕੁਲਵੰਤ ਔਜਲਾ।

# ਜ਼ਮੀਨਾ ਖੋਹ ਲੈਣੀਆਂ ! ਇਸ ਗੱਲ ਵਿੱਚ ਕਿੰਨੀ ਕੁ ਸੱਚਾਈ ਐ?


ਮਹਿੰਦਰਪਾਲ ਸਿੰਘ ਬਰਾੜ



ਖੈਰ ! ਇਹ ਸਭ ਰਾਮ ਰੌਲਾ ਪਿਛਲੇ ਕਿਸਾਨੀ ਅੰਦੋਲਨ ਵਿੱਚ ਚੱਲਿਆ ਕੇ ਜ਼ਮੀਨਾ ਖੋਹ ਲੈਣੀਆਂ ਨੇ, ਹਾਲਾਕੇ ਖੇਤੀ ਕਨੂੰਨਾ ਵਿੱਚ ਜ਼ਮੀਨਾ ਵਾਪਸ ਲੈਣ ਦੀ ਕੋਈ ਗੱਲ ਨਹੀ ਸੀ ਪਰ ਇਹ ਡਾਇਲਾਗ ਚੱਲਿਆ ਅਤੇ ਅੱਜ ਵੀ ਸਿਆਸੀ ਪਾਰਟੀਆਂ ਦੇ ਝੋਲੇ ਵਿੱਚ ਹੈਗਾ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਬੇਵਕੂਫ ਬਨਾਉਣ ਦੇ ਕੰਮ ਆ ਰਹਿਆ ਹੈ।

ਐਮ ਐਸ ਪੀ ਸਿਰਫ ਪੰਜਾਬ ਹਰਿਆਣਾ ਅਤੇ ਉੱਤਰੀ ਯੂਪੀ ਦੇ ਕੁੱਝ ਹਿੱਸਿਆਂ ਵਿੱਚ ਮਿਲਦੀ ਹੈ ਜਿਸ ਵਿੱਚੋਂ ਜ਼ਮੀਨਾ ਖੋਹਣ ਵਾਲਾ ਪਰਾਪੇਗੰਡਾ ਬਾਹਰ ਆਇਆ।

ਸਮਝ ਨੀ ਆਉਂਦੀ ਬਾਕੀ ਦੇ ਦੇਸ਼ ਦੇ ਕਿਸਾਨਾ ਕੋਲੇ ਜ਼ਮੀਨਾ ਕਿਵੇਂ ਹਨ, ਜੇਕਰ ਐਮ ਐਸ ਪੀ ਖਤਮ ਹੋਣ ਨਾਲ ਜ਼ਮੀਨਾ ਖੋਹੀਆਂ ਜਾਣੀਆ ਸਨ, ਕਿਉਂ ਅੱਜ ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਂਰਾਸ਼ਟਰ ਦਾ ਕਿਸਾਨ ਪੰਜਾਬ ਦੇ ਕਿਸਾਨ ਤੋਂ ਜਿਆਦਾ ਖੁਸ਼ਹਾਲ ਹੋ ਰਹਿਆ ਹੈ ? ਜਿਨਾ ਨੂੰ ਨਾ ਐਮ ਐਸ ਪੀ ਮਿਲਦੀ, ਨਾ ਉਹ ਨਾ ਕੋਲੇ ਪੰਜਾਬ ਵਾਂਗੂ ਜਮੀਨ ਹੇਠ ਸੌਖਾ ਪਾਣੀ ਉਪਲਬਧ ਹੈ ਅਤੇ ਨਾ ਹੀ ਸਰਕਾਰੀ ਖਰੀਦ ਹੁੰਦੀ। ਕਿਉਂ ਉਹ ਨਾ ਰਾਜਾ ਦੀਆਂ ਜਿਣਸਾ ਐਕਸਪੋਰਟ ਕੁਆਲਟੀ ਹੁੰਦੀਆਂ ਨੇ ਜਿਸ ਵਿੱਚ ਜਹਿਰ ਅਤੇ ਯੂਰੀਏ ਦੀ ਮਾਤਰਾ ਨਾ-ਮਾਤਰ ਹੁੰਦੀ ਹੈ ? ਕਿਉਂ ਹਰ ਪਰੋਸੈਸਡ ਫੂਡ ਇੰਡਸਟਰਲਿਸਟ ਦੀ ਪਹਿਲੀ ਪਸੰਦ ਇਹ ਰਾਜ ਬਣਦੇ ਜਾ ਰਹੇ ਹਨ ਜਿੰਨਾ ਦਾ ਆਟਾ ਅਤੇ ਹੋਰ ਪਰੋਡਕਟ ਕਨੇਡੀਅਨ, ਅਮਰੀਕਨ ਅਤੇ ਯੂਰਪੀਅਨ ਮਾਰਕੀਟ ਵਿੱਚ ਜਾ ਕੇ ?ਥੋਂ ਦੇ ਅਨਾਜਾਂ ਦਾ ਮੁਕਾਬਲਾ ਕਰ ਰਹੇ ਹਨ ?

ਏਨਾ ਸਭ ਕੁੱਝ ਹੋਣ ਦਾ ਬਾਵਜੂਦ ਹਾਲੇ ਤਕ ਉਹ ਨਾ ਦੀਆਂ ਜ਼ਮੀਨਾ ਨਹੀ ਖੋਹੀਆਂ ਜਾ ਰਹੀਆਂ, ਨਾ ਉਹ ਨਾ ਦੇ ਜਵਾਕ ਪੱਛਮੀਂ ਦੇਸ਼ਾਂ ਦੀ ਲੇਬਰ ਪੂਰਤੀ ਕਰ ਰਹੇ ਹਨ ਬਲਕਿ ਹੁਣ ਭਾਰਤ ਵਿੱਚ ਸਿਵਲ ਦੇ ਮਹਿਕਮਿਆ ਵਿੱਚ ਹੁੰਦੀਆਂ ਪਰੀਖਿਆਵਾਂ ਵਿੱਚ ਹਿੱਸਾ ਲੈਂਦੇ ਨੇ ਅਤੇ ਮੈਰਿਟ ਵਿੱਚ ਆਉਂਦੇ ਹਨ।

ਬਾਕੀ ਜ਼ਮੀਨਾ ਖੋਹਣ ਦੀ ਕਿਸੇ ਨੂੰ ਕੋਈ ਲੋੜ੍ਹ ਨਹੀ ਹੈ, ਅੱਧੇ ਤੋਂ ਵੱਧ ਪੰਜਾਬ ਦੀ ਜਮੀਨ ਬਾਹਰ ਭੇਜਣ ਲਈ ਬੈਂਕਾ ਅਤੇ ਆੜ੍ਹਤੀਆਂ ਕੋਲੇ ਗਹਿਣੇ ਪਈ ਐ ਜਾਂ ਬੈਅ ਹੋ ਚੁੱਕੀ ਹੈ ਅਤੇ ਜਿਸ ਰਫਤਾਰ ਨਾਲ ਪਾਣੀ ਥੱਲੇ ਜਾ ਰਿਹਾ ਹੈ ਛੋਟੀ ਖੇਤੀ ਵਾਲਿਆ ਨੂੰ ਬੋਰਾਂ ਨੇ ਮਾਰ ਲੈਣਾ ਅਤੇ ਬਾਹਰ ਗਏ ਜਵਾਕਾਂ ਨੇ ਆਪ ਹੀ ਵੇਚ ਦੇਣੀ ਐ।

ਖੇਤੀ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਲਾਹੇਵੰਦ ਧੰਦਾ ਨਹੀ ਹੈ। ਈਵਨ ਅਮਰੀਕਾ ਦੇ ਨੌਰਥ ਡਕੋਟਾ ਅਤੇ ਨਿਬਰਾਸਕਾ ਵਰਗੇ ਰਾਜਾਂ ਜਿੱਥੇ ਕਣਕ, ਮੱਕੀ, ਕਨੋਲਾ ਵਗੈਰਾ ਹੁੰਦਾ ਓਥੇ ਅੱਜ ਵੀ ਕਿਸਾਨ ਆਤਮ ਹੱਤਿਆਂਵਾ ਕਰਦੇ ਹਨ ਪਰ ਜਿੰਨਾ ਨੇ ਨਾਲ ਸਹਾਇਕ ਧੰਦੇ ਅਪਣਾ ਲਏ ਜਾਂ ਆਪਣੇ ਖੇਤੀ ਉਤਪਾਦਾਂ ਨੂੰ ਪਰੋਸੈਸ ਕੀਤਾ ਉਹ ਬਚ ਗਏ।

ਇਹ ਭਵਿੱਖ ਹੈ, ਜੇ ਕੈਪੀਟਲਿਸਟ ਸੁਸਾਇਟੀ ਵਿੱਚ ਕੰਪੀਟੀਸ਼ਨ ਲੜ੍ਹਨਾ ਹੈ ਤਾਂ ਇਸਦੇ ਹਾਣ ਦਾ ਹੋਣਾ ਪਵੇਗਾ ਨਹੀ ਸਾਇਡਲਾਇਨ ਕਰ ਦਿੱਤੇ ਜਾਵੋਗੇ। ਕਾਮਰੇਡੀ ਸੋਚ ਨੇ ਪਹਿਲਾਂ ਸੋਵੀਅਤ ਯੂਨੀਅਨ ਤਬਾਹ ਕੀਤਾ, ਫੇਰ ਵੀਅਤਨਾਮ, ਫੇਰ ਕਿਊਬਾ। ਅੱਜ ?ਥੇ ਦੇਹ ਵਪਾਰ ਆਪਣੀ ਚਰਮ ਸੀਮਾਂ ਤੇ ਹੈ ਅਤੇ ਇਸ ਨੂੰ ਲੈ ਕੇ ਟੂਰਿਜਮ ਹੁੰਦਾ ਹੈ।

ਇੱਕ ਹਾਈਵੇ ਕੰਟਰੈਕਟਰ ਸੱਜਣ ਨਾਲ ਗੱਲਾਂ ਕਰਨ ਲੱਗਾ ਤਾਂ ਉਹ ਕਹਿੰਦਾ ਪੰਜਾਬ ਕੇਂਦਰੀ ਹਾਈਵੇਜ ਪਰੋਜੈਕਟਾ ਵਿੱਚ ਬਾਕੀ ਦੇ ਦੇਸ਼ ਨਾਲੋ ਦੋ ਸਾਲ ਪਿੱਛੇ ਚਲ ਰਹਿਆ ਹੈ ਕਿਉਕੇ ਹਾਈਵੇ ਅਥਾਰਟੀ ਨੂੰ ਹਾਈਵੇ ਬਨਾਉਣ ਲਈ ਜ਼ਮੀਨਾ ਦੀ ਪੋਜੈਸ਼ਨ ਨਹੀ ਮਿਲ ਰਹੀ, ਬੜ੍ਹੀ ਤੇਜੀ ਨਾਲ ਦੇਸ਼ ਦੀ ਇੰਡਸਟਰਲਾਈਜੇਸ਼ਨ ਹੋ ਰਹੀ ਹੈ, ਹੁਣ ਜੀਹਨੇ ਅੱਜ ਵੱਡੀ ਇਨਵੈਸਟਮੈਂਟ ਕਰਨੀ ਹੈ, ਉਹ ਫੈਕਟਰੀ ਲਾ ਕੇ ਕਿਵੇਂ ਦੋ ਸਾਲ ਉਡੀਕ ਕਰੇਗਾ ਕਿਉਕੇ ਅਖੀਰ ਤੇਜੀ ਨਾਲ ਮਾਲ ਪੋਰਟਾਂ ਤੇ ਹਾਈ ਸਪੀਡ ਹਾਈਵੇਜ ਨੇ ਹੀ ਪਹੁੰਚਦਾ ਕਰਨਾ ਹੁੰਦਾ, ਹਰ ਘੰਟੇ ਦੀ ਕੀਮਤ ਹੁੰਦੀ ਹੈ ਵਪਾਰ ਵਿੱਚ, ਕਿਹੜਾ ਕਾਰੋਬਾਰੀ ਆਪਣਾ ਕਰੋੜਾਂ ਰੁੱਪਈਆ ਫਸਾਏਗਾ ਦੋ ਸਾਲ ਲਈ। ਦੋ ਸਾਲ ਕੋਈ ਛੋਟਾ ਮੋਟਾ ਵਕਫਾ ਨਹੀ ਹੁੰਦਾ ! ਪੰਜਾਬ ਦੇ ਰਹਿਣ ਵਾਲੇ ਅਮੀਰ ਲੋਕ ਵੀ ਪੰਜਾਬ ਵਿੱਚ ਇਨਵੈਸਟਮੈਂਟ ਕਰਨ ਨੂੰ ਤਿਆਰ ਨਹੀ ਹੁੰਦੇ ਜਿਸ ਪਿਛਲਾ ਕਾਰਨ ਪੰਜਾਬ ਦਾ ਯੂਨੀਅਨ ਕਲਚਰ ਹੈ।

ਇਸੇ ਯੂਨੀਅਨ ਕਲਚਰ ਨੇ ਬੰਗਾਲ ਦਾ ਬੇੜ੍ਹਾ ਗਰਕ ਕੀਤਾ।

ਟਾਟਾ ਨੈਨੋ ਦਾ ਪਲਾਂਟ ਬੰਗਾਲ ਵਿੱਚ ਲੱਗਾ ਤਾਂ ਲੋਕਲ ਯੂਨੀਅਨਾ ਨੇ ਜਮੀਨ ਅਤੇ ਵਰਕਰਾ ਨੂੰ ਲੈ ਕੇ ਫੈਕਟਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਧਰਨੇ ਮਾਰਨੇ ਸ਼ੁਰੂ ਕਰਤੇ। ਜਿਸਦਾ ਫਾਇਦਾ ਗੁਜਰਾਤ ਨੇ ਲਿਆ ਅਤੇ ਬਣਿਆ ਪਲਾਂਟ ਪੱਟ ਕੇ ਗੁਜਰਾਤ ਸ਼ਿਫਟ ਕਰ ਲਿਆ।

ਹੁਣ ਬੰਗਾਲ ਵਿੱਚ ਜਿੱਥੇ ਪਲਾਂਟ ਲੱਗਣਾ ਸੀ ਉਥੋਂ ਦਾ ਪੜ੍ਹਿਆ ਲਿਖਿਆ ਬਸ਼ਿੰਦਾ ਅੱਜ ਵੀ ਰਕਸ਼ਾ ਚਲਾ ਰਹਿਆ ਜਾਂ ਬੰਗਾਲ ਛੱਡਕੇ ਬਾਹਰ ਨੌਰਕੀ ਕਰ ਰਹਿਆ ਹੋਵੇਗਾ ਅਤੇ ਗੁਜਰਾਤ ਵਿੱਚ ਜਿੱਥੇ ਇਹ ਪਲਾਂਟ ਲੱਗਾ ਸੀ ਉਥੇ ਹੋਰ ਕਾਰਾਂ ਬਣ ਰਹੀਆਂ ਹਨ। ਜਿਸ ਨਾਲ ਨੌਰਕੀਆਂ ਪੈਦਾ ਹੋਈਆਂ, ਟੈਕਸੀ ਵਾਲੇ ਨੇ ਟਰਾਲਾ ਬਣਾ ਲਿਆ ਕਿਉਕੇ ਮਾਲ ਢੁਆਈ ਲਈ ਵੀ ਰੋਜਗਾਰ ਬਣੇ ਨਾਲ ਹੋਰ ਸਹਾਇਕ ਕਲਪੁਰਜੇ ਬਨਾਉਣ ਵਾਲੇ ਪਲਾਂਟ ਲੱਗੇ ਜਿਸ ਨਾਲ ਹੋਰ ਰੋਜਗਾਰ ਪੈਦਾ ਹੋਏ, ਇੰਨਜੀਅਰਾਂ ਨੂੰ ਰਾਜ ਨਹੀ ਛੱਡਣਾ ਪਿਆ ਉਹ ਲੋਕਲ ਨੌਕਰੀਆਂ ਲੈ ਗਏ।

ਅਸਲ ਖਤਰਾਂ ਜ਼ਮੀਨਾ ਨੂੰ ਨਹੀ ਇਹ ਖਤਰਾ ਸਿਆਸੀ ਧਿਰਾਂ ਦੀ ਸਿਆਸੀ ਜ਼ਮੀਨ ਨੂੰ ਹੈ ਜਿਸਦਾ ਖਮਿਆਜਾ ਐਨੇ ਸਾਲ ਪੰਜਾਬ ਨੇ ਭੋਗਿਆ, ਇੰਡਸਟਰੀ ਭੱਜਗੀ ਅਤੇ ਨਾਲ ਰੋਜਗਾਰ ਵੀ ਭੱਜਗੇ ਅਤੇ ਇਹ ਯੂਨੀਅਨ ਕਲਚਰ ਦੀ ਸਾਈਕੀ ਪੰਜਾਬ ਦੇ ਜੜ੍ਹੀਂ ਐਹੋਜੀ ਬੈਠੀ ਕੇ ਝੋਨਾ ਲਾ ਲਾ ਪੰਜਾਬ ਦੀ ਧਰਤੀ ਬੰਜਰ ਹੋਣ ਵੱਲ ਰਵਾਨਾ ਕਰਤੀ।

# ਵਿਦਿਉਤ ਪ੍ਰਕਾਸ਼ ਮੌਰੀਆ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖ ਤੁਮ...ਅੱਗੇ ਮਿਲੇ ਰਿਸ਼ੀ ਨਾਗਰ - ਵਿਦਿਉਤ ਪ੍ਰਕਾਸ਼ ਮੌਰੀਆ ਦਾ ਜਨਮ ਸਾਲ 1974 ਵਿੱਚ ਭਾਰਤੀ ਸੂਬੇ ਬਿਹਾਰ ਦੇ ਜ਼ਿਲ੍ਹਾ ਸਾਸਾਰਾਮ ਦੇ ਪਿੰਡ ਸਹਿਵਾਲੀਆ ਵਿੱਚ ਹੋਇਆ ਸੀ। ਉਸ ਨੂੰ ਪੜ੍ਹਨ ਤੇ ਲਿਖਣ ਦਾ ਬਹੁਤ ਸ਼ੌਕ ਸੀ ਤੇ ਉਸ ਨੇ ਬਨਾਰਸ ਹਿੰਦੂ ਯੂਨਿਵਰਸਿਟੀ ਤੋਂ ਬੀ.ਏ, ਇੰਡੀਅਨ ਇੰਸਟੀਟਿਊਟ ਔਫ ਮਾਸ ਕਮਿਉਨਿਕੇਸ਼ਨਜ਼, ਦਿੱਲੀ ਤੋਂ ਪੱਤਰਕਾਰਿਤਾ ਦਾ ਡਿਪਲੋਮਾ ਤੇ ਮਗਰੋਂ ਮਾਸਟਰਜ਼ ਦੀ ਡਿਗਰੀ ਹਾਸਲ ਕੀਤੀ। ਉਸ ਨੇ ਦੇਸ਼ ਦੇ ਕਈ ਨਾਮਚੀਨ ਅਖ਼ਬਾਰਾਂ ਵਿੱਚ ਬਤੌਰ ਪੱਤਰਕਾਰ ਕੰਮ ਕੀਤਾ ਤੇ ਸਾਲ 2021 ਵਿੱਚ ਉਸ ਨੂੰ ਕੋਰੋਨਾ ਵਾਇਰਸ ਨੇ ਲਪੇਟ ਵਿੱਚ ਲੈ ਲਿਆ। ਵੈਕਸੀਨ ਦਾ ਪਹਿਲਾ ਟੀਕਾ ਲਗਵਾਉਣ ਮਗਰੋਂ ਉਸ ਦੀ ਸਿਹਤ ਵਿਗੜ ਗਈ ਤੇ ਉਸ ਨੂੰ ਪਟਨਾ ਦੇ ਇਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਜਿਥੇ ਉਹ 26 ਮਈ 2021 ਦੇ ਦਿਨ ਹਮੇਸ਼ਾ ਦੀ ਨੀਂਦ ਸੌਂ ਗਿਆ। ਵਿਦਿਉਤ ਪ੍ਰਕਾਸ਼ ਮੌਰੀਆ ਤੇ ਮੈਂ ਦੈਨਿਕ ਜਾਗਰਣ ਅਖ਼ਬਾਰ ਵਿੱਚ ਲੱਗਪਗ 5 ਸਾਲ ਇੱਕਠੇ ਰਹੇ ਤੇ ਕਈ ਖ਼ਬਰਾਂ 'ਤੇ ਇਕੱਠਿਆਂ ਵੀ ਕੰਮ ਕੀਤਾ।**




ਪਿਆਰੇ ਦੋਸਤ ਰਿਸ਼ੀ,

ਮੈਨੂੰ ਇਧਰ ਆਇਆਂ ਹੁਣ 3 ਸਾਲ ਹੋਣ ਲੱਗੇ ਨੇ ਤੇ ਤੈਨੂੰ ਪਹਿਲੀ ਚਿੱਠੀ ਲਿਖ ਰਿਹਾ ਹਾਂ। ਮੀਡੀਆ ਤੇ ਸੰਚਾਰ ਮਹਿਕਮੇ ਨੇ ਕਾਫੀ ਤਰੱਕੀ ਕਰ ਲਈ ਹੈ ਤੇ ਮੈਂ ਜਦੋਂ ਉਪਰੋਂ, ਹੇਠਾਂ ਤੁਹਾਡੇ ਵਾਲੇ ਪਾਸੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਹੁਣ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਸੰਸਾਰ ਕਿੰਨੀ ਤੇਜ਼ੀ ਨਾਲ ਬਦਲਦਾ ਜਾ ਰਿਹਾ ਹੈ।

ਮੈਨੂੰ ਇਕ ਜ਼ਬਰਦਸਤ ਕਿੱਸਾ ਯਾਦ ਆਇਆ ਤਾਂ ਸਮਝ ਨਾ ਲੱਗੇ ਕਿਸ ਨੂੰ ਸੁਣਾਵਾਂ। ਮੈਂ ਤੇਰੇ ਪਾਪਾ ਨੂੰ ਸੁਣਾਉਣ ਗਿਆ ਤਾਂ ਉਹ ਕਹਿੰਦੇ ਰਿਸ਼ੀ ਨੂੰ ਭੇਜ ਦੇ, ਉਹ ਰੇਡੀਓ 'ਤੇ ਸ਼ੇਅਰ ਵੀ ਕਰ ਦਊਗਾ।

ਮੈਂ ਕਿਹਾ ਆਹ ਤਾਂ ਲਾਟਰੀ ਲੱਗ ਗਈ। ਟੀਵੀ ਤੇ ਅਖ਼ਬਾਰਾਂ 'ਤੇ ਤਾਂ ਮੇਰਾ ਵੀ ਵਾਹਵਾ ਨਾਮ ਹੋ ਗਿਆ ਸੀ, ਰੇਡੀਓ ਰਹਿ ਗਿਆ ਸੀ, ਸੋਚਿਆ ਤੇਰੇ ਮਾਧਿਅਮ ਨਾਲ ਇਹ ਵੀ ਭੁਸ ਪੂਰਾ ਹੋ ਜੂ।

ਰਿਸ਼ੀ ਵੀਰ ਜੀ, ਮੈਂ ਜਦੋਂ ਬਾਰ੍ਹਵੀਂ ਪਾਸ ਕਰਕੇ ਕਾਲਜ ਵਿੱਚ ਦਾਖ਼ਲਾ ਲਿਆ ਤਾਂ ਪਹਿਲੀ ਵਾਰ ਕੁੜੀਆਂ ਦੇ ਨਾਲ ਪੜ੍ਹਨ ਦਾ ਮੌਕਾ ਮਿਲਿਆ। ਪਹਿਲਾਂ ਤਾਂ ਕੇਵਲ ਲੜਕੇ ਹੀ ਮੇਰੇ ਹਮ-ਜਮਾਤੀ ਸਨ ਪਰ ਹੁਣ ਕੁੜੀਆਂ ਨਾਲ ਪੜ੍ਹਨ ਲੱਗੀਆਂ ਤਾਂ ਕੁਤਕੁਤਾੜੀਆਂ ਵੀ ਬਹੁਤ ਹੋਣ ਲੱਗ ਪਈਆਂ ਸਨ। ਕਦੀ ਕਦੀ ਤਾਂ ਇਉਂ ਲੱਗਦਾ ਸੀ ਕਿ ਮੈਂ ਕੁੜੀਆਂ ਨਾਲ ਸਤਸੰਗ ਕਰ ਰਿਹਾਂ। ਸਤਸੰਗ ਦਾ ਮਤਲਬ ਹੁੰਦੈ ਸੱਚਾ ਸਾਥ...ਕੁੜੀਆਂ ਦਾ ਸਾਥ ਮੈਨੂੰ ਸੱਚੀਂ-ਮੁਚੀਂ ਸੱਚਾ-ਸੁੱਚਾ ਸਾਥ ਲੱਗਦਾ ਹੁੰਦਾ ਸੀ।

ਫਿਰ ਮੈਂ ਦੇਖਦਾ ਕਿ ਕਈ ਜੋੜੇ..ਕਾਲਜ ਦੀ ਗਰਾਊਂਡ ਦੇ ਦੂਰ ਦੁਰੇਡੇ ਦਰਖ਼ਤਾਂ ਹੇਠਾਂ ਘੰਟਿਆਂ ਬੱਧੀ ਬੈਠੇ ਰਹਿੰਦੇ। ਕਈ ਸਰਦੇ ਪੁੱਜਦੇ ਘਰਾਂ ਦੇ ਕਾਕੇ ਕੰਟੀਨ ਵਿੱਚ ਸਾਰਾ ਦਿਨ ਸਮੋਸੇ-ਚਾਹ ਉਡਾਉਂਦੇ। ਮੈਨੂੰ ਸਮਝ ਨਾ ਆਉਂਦਾ ਕਿ ਏਨੇ ਪੈਸੇ ਕਿਵੇਂ ਖ਼ਰਚ ਕਰ ਲੈਂਦੇ ਨੇ! ਫਿਰ ਘਟੀਆ ਕਿਸਮ ਦੇ ਕਈ ਆਸ਼ਕ ਆਪਣੀ ਗਰਲ-ਫ੍ਰਿੰਡਾਂ ਬਾਰੇ ਘਟੀਆ ਗੱਲਾਂ ਕਰਦੇ ਤੇ ਕਈ ਤਾਂ ਨੌਨ-ਵੈਜ ਵੀ ਹੋ ਜਾਂਦੇ ਤੇ ਸ਼ਰਮ ਦਾ ਹਰ ਪੱਧਰ ਪਾਰ ਕਰ ਕੇ ਉਹਨਾਂ ਬਾਰੇ ਗੱਲਾਂ ਕਰਦੇ। ਫਿਰ ਮੈਨੂੰ ਉਹਨਾਂ ਕੁੜੀਆਂ 'ਤੇ ਤਰਸ ਵੀ ਆਉਂਦਾ।

ਵੱਡੇ ਵੀਰ, ਜਦੋਂ ਮੈਂ ਕਾਲਜ ਗਿਆ ਤਾਂ ਮੇਰੇ ਪਿਤਾ ਜੀ ਨੇ ਕਿਹਾ ਕਿ ਤੂੰ ਹੁਣ ਡਿਜਿਟਲ ਇੰਡੀਆ ਦੇ ਜ਼ਮਾਨੇ ਦਾ ਹੋ ਗਿਆ ਏਂ ਤੈਨੂੰ ਕੋਈ ਚੱਜ ਦਾ ਫੋਨ ਲੈ ਲੈਣਾ ਚਾਹੀਦੈ। ਮੈਨੂੰ ਉਹਨਾਂ ਨੇ ਨਵਾਂ ਨਕੋਰ ਸਮਾਰਟ ਫੋਨ ਗਿਫ਼ਟ ਕਰ ਦਿੱਤਾ। ਮੇਰਾ ਦਿਮਾਗ਼ ਤਾਂ ਜਾ ਲੱਗਾ ਸੱਤਵੇਂ ਅਸਮਾਨ 'ਤੇ। ਉਹਨੀਂ ਦਿਨੀਂ ਫੇਸਬੁੱਕ ਨਵੀਂ ਨਵੀਂ ਆਈ ਸੀ। ਮੈਂ ਆਪਣੀਆਂ ਲਿਖੀਆਂ ਕਵਿਤਾਵਾਂ ਫੇਸਬੁੱਕ 'ਤੇ ਪਾਉਣ ਲੱਗ ਪਿਆ। ਮੇਰੇ ਕਈ ਦੋਸਤ ਮਿਲ ਗਏ। ਨਵੇਂ ਵੀ ਬਣੇ। ਤੂੰ ਵੀ ਤਾਂ ਮੈਨੂੰ ਉਥੇ ਈ ਮਿਲਿਆ ਸੀ ਪਹਿਲੀ ਵਾਰ।

ਰਿਸ਼ੀ ਭਾਈ ਸਾਹਿਬ, ਮੈਂ ਉਹਨੀਂ ਦਿਨੀਂ ਆਪਣੀ ਇਕ ਕਵਿਤਾ ਪੋਸਟ ਕੀਤੀ ਫੇਸਬੁੱਕ 'ਤੇ...ਤੁਮ੍ਹਾਰੇ ਪਿਆਰ ਕੀ ਬਾਤੇਂ, ਅਬ ਭੀ ਰੁਲਾਤੀ ਹੈਂ ਮੁਝੇ; ਤੁਮ੍ਹਾਰੇ ਸਾਥ ਕੀ ਯਾਦੇਂ ਸਪਨੋਂ ਮੇਂ ਸਤਾਤੀ ਹੈਂ ਮੁਝੇ॥

ਲੈ ਬਈ ਵੱਡੇ ਵੀਰ! ਪੋਸਟ ਪਾਉਣ ਦੀ ਦੇਰ ਸੀ ਕਿ ਕਮੈਂਟ ਬੌਕਸ ਵਿੱਚ ਬੜਾ ਈ ਸ਼ਾਨਦਾਰ ਕੁਮੈਂਟ ਆ ਡਿੱਗਿਆ। ਲਿਖਿਆ ਸੀ, ਵਿਦਿਉਤ ਜੀ, ਬੜੀ ਸੁੰਦਰ ਕਵਿਤਾ ਲਿਖੀ ਹੈ, ਜਿਨ ਹਾਥੋਂ ਨੇ ਲਿਖੀ ਹੈ, ਮਨ ਕਰਤਾ ਹੈ ਕਿ ਉਨਹੇਂ ਚੂਮ ਲੂੰ। ਕੁਮੈਂਟ ਪੜ੍ਹਨ ਦੀ ਦੇਰ ਸੀ...ਸਾਰੇ ਸਰੀਰ ਦੇ ਰੌਂਗਟੇ ਖੜ੍ਹੇ ਹੋ ਗਏ...ਹੈਂ...ਇਹ ਕੌਣ ਐ ਹੱਥਾਂ ਨੂੰ ਚੁੰਮਣ ਦੀ ਗੱਲ ਕਰਨ ਵਾਲੀ? ਬੱਸ ਕਾਹਲੀ ਕਾਹਲੀ ਨਾਲ ਉਹਦਾ ਪ੍ਰੋਫਾਇਲ ਖੋਲ੍ਹਿਆ...ਦੋ ਘੰਟੇ ਲੱਗ ਗਏ ਉਹਦਾ ਪੂਰਾ ਟੇਵਾ ਪੜ੍ਹਣ ਨੂੰ। ਉਹ ਨਿੱਕਲੀ ਗੁਜਰਾਤ ਦੇ ਬੜੌਦੇ ਦੀ, ਕਿਸੇ ਕਾਲਜ ਦੀ ਵਦਿਆਰਥਣ। ਲਿਖਿਆ ਸੀ ਕਿ ਐਕਟਿੰਗ ਦਾ ਉਸ ਨੂੰ ਸ਼ੌਕ ਸੀ ਤੇ ਦੇਖਣ ਨੂੰ ਐਕਟ੍ਰੈਸ ਰੀਨਾ ਰਾਇ ਵਰਗੀ ਲੱਗਦੀ ਸੀ। ਮੈਂ ਉਹਦਾ ਬੜੇ ਈ ਨਰਮ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਨਾਲ ਹੀ, ਦਵਾ ਸੱਟ ਉਹਨੂੰ ਫ੍ਰਿੰਡ ਰਿਕੁਐਸਟ ਵੀ ਭੇਜਤੀ।

ਰਿਸ਼ੀ ਭਾਈ, ਦਿਲ ਬੈਠਦਾ ਜਾਵੇ ਤੇ ਉਹਦੇ ਵੱਲੋਂ ਰਿਕੁਐਸਟ ਪ੍ਰਵਾਨ ਕਰਨ ਦਾ ਨੌਟਿਫਿਕੇਸ਼ਨ ਨਾ ਆਵੇ। ਪੰਦਰਾਂ ਮਿੰਟਾਂ ਵਿੱਚ ਪੈਂਤੀ ਵਾਰ ਫੇਸਬੁੱਕ ਖੋਲ੍ਹੀ ਪਰ ਉਹ ਖੌਰੇ ਨੀਂਦ ਦੀ ਗੋਲੀ ਖਾ ਕੇ ਸੁੱਤੀ ਪਈ ਸੀ...ਕਦੀ ਚੁੜੇਲ ਲੱਗੇ ਤੇ ਕਦੀ ਪਰੀ...ਪਰ ਸਵੇਰੇ ਚਾਰ ਵਜੇ ਜਦੋਂ ਮੇਰੀ ਫ੍ਰਿੰਡ ਰਿਕੁਐਸਟ ਪ੍ਰਵਾਨ ਹੋਈ ਤਾਂ ਫੇਸਬੁੱਕ 'ਤੇ ਬੈਠਿਆਂ ਮੈਨੂੰ ਸਵਾ ਚੌਦਾਂ ਘੰਟੇ ਹੋ ਗਏ ਸਨ। ਮੈਂ ਸੋਚਿਆ ਕਿੰਨਾ ਸੌਂਦੀ ਐ ਇਹ ਕੁੰਭਕਰਨ ਦੀ ਭਤੀਜੀ! ਫੇਸਬੁੱਕ ਦੇ ਨਾਲ ਨਾਲ ਵੱਟਸਐਪ ਵੀ ਜੁਆਇਨ ਕਰ ਲਿਆ ਉਹਦੇ ਨਾਲ। ਦੇਰ ਰਾਤ ਤੱਕ ਚੈਟਿੰਗ ਹੋਇਆ ਕਰੇ। ਸਾਡਾ ਤਾਂ ਈਲੂ ਈਲੂ ਚਾਲੂ ਹੋ ਗਿਆ...ਪਰ ਪਤਾ ਈ ਨਾ ਲੱਗਾ ਇਹ ਕਦੋਂ ਹੋ ਗਿਆ। ਸ਼ੇਅਰੋ-ਸ਼ਾਇਰੀ ਹੋਣ ਲੱਗੀ ਤੇ ਰਾਤ ਰਾਤ ਭਰ ਚੈਟਿੰਗ ਕਰਦਿਆਂ ਕਦੋਂ ਸਵੇਰਾ ਹੋ ਜਾਇਆ ਕਰੇ, ਪਤਾ ਈ ਨਾ ਲੱਗਿਆ ਕਰੇ।

ਰਿਸ਼ੀ ਜੀ, ਇਹ ਗੱਲ ਮੈਂ ਆਪਣੇ ਦੋਸਤਾਂ ਨੂੰ ਦੱਸੀ ਕਿ ਇਕ ਬੀਬੀ ਮੇਰੇ ਨਾਲ ਵੀ ਆ ਜੁੜੀ ਐ ਪਰ ਹੈ ਬੜੌਦਾ, ਗੁਜਰਾਤ ਦੀ! ਸਾਰੇ ਕਹਿਣ ਬਈ ਤੇਰੀ ਤਾਂ ਲਾਟਰੀ ਲੱਗ ਗਈ...ਇਹਨਾਂ ਸਾਰਿਆਂ ਦੀ ਤਾਂ ਜਿੱਦਾਂ ਲਾਰਾਂ ਟਪਕਣ ਲੱਗੀਆਂ ਤੇ ਪੁਛਣ ਲੱਗੇ ਕਿ ਸਾਨੂੰ ਵੀ ਦੱਸ ਕੌਣ ਐ। ਕੀ ਪ੍ਰੋਫਾਇਲ ਐ ਉਹਦਾ।

ਰਿਸ਼ੀ ਜੀ, ਹੌਲੀ ਹੌਲੀ..ਸਾਡਾ ਪ੍ਰੇਮ ਅੱਗੇ ਵਧਿਆ। ਇਕ ਦਿਨ ਅਸੀਂ ਮਿਲਣ ਦਾ ਪ੍ਰੋਗਰਾਮ ਬਣਾ ਲਿਆ। ਪਿਤਾ ਜੀ ਕੋਲ ਕਈ ਸੱਚੇ ਝੂਠੇ ਬਹਾਨੇ ਬਣਾਏ ਕਿ ਕੰਮ ਲੱਭਣ ਜਾ ਰਿਹਾਂ! ਮੈਂ ਤਾਂ ਟ੍ਰੇਨ ਲੈ ਕੇ ਬੜੌਦੇ ਜਾ ਵੜਿਆ। ਉਹਨੂੰ ਜਾ ਫੋਨ ਕੀਤਾ। ਉਹ ਕਹਿਣ ਲੱਗੀ ਸਾਡੇ ਘਰੇ ਕੋਈ ਨੀ ਹੈ ਏਸ ਵੇਲੇ...ਤੇ ਨਾਲੇ ਆਪਣੇ ਘਰ ਦਾ ਪਤਾ ਵੀ ਦੱਸ ਦਿੱਤਾ।

ਮੈਂ ਹੋਟਲ ਵਿੱਚ ਨਹਾਤਾ, ਨਵੀਂ ਲਿਆਂਦੀ ਕਮੀਜ਼ ਪਾਈ...ਸੈਲੋਨ ਤੋਂ ਜਾ ਕੇ 70 ਰੁਪਏ ਦੇ ਵਾਲ ਸੈੱਟ ਕਰਵਾਏ, ਕਈ ਇਤਰ ਛਿੜਕੇ! ਉਹਨੂੰ ਦੇਣ ਵਾਸਤੇ 300 ਰੁਪਏ ਦਾ ਗਿਫ਼ਟ ਵੀ ਲਿਆ। ਕੁੱਲ ਮਿਲਾ ਕੇ 5-600 ਰੁਪਏ ਦਾ ਖ਼ਰਚਾ ਕਰਕੇ ਤਿਆਰੀ ਕੀਤੀ ਤੇ ਊਬਰ ਲੈ ਕੇ ਉਹਦੇ ਘਰ ਮੂਹਰੇ ਗਿਆ ਤੇ ਅੱਗੋਂ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਤਾਲੇ ਦਾ ਮੂੰਹ ਵੀ ਮੈਨੂੰ ਰਾਵਣ ਵਰਗਾ ਲੱਗੇ। ਬੜੀ ਪਰੇਸ਼ਾਨੀ! ਮੈਂ ਫੋਨ ਕੀਤਾ ਤੇ ਅੱਗੋਂ ਕਹਿਣ ਲੱਗੀ ਕਿ ਮੂਰਖਾ ਮੈਂ ਤੈਨੂੰ ਕਿਹਾ ਤਾਂ ਸੀ ਕਿ ਸਾਡੇ ਘਰੇ ਕੋਈ ਹੈ ਨੀ। ਤੂੰ ਕੀ ਸਮਝਿਆ ਤੇ ਕੀ ਕਰਨ ਆ ਗਿਐਂ?

ਮੇਰੀਆਂ ਅੱਖਾਂ ਅੱਗੇ ਭੱਬੂ ਤਾਰੇ ਲੱਗੇ ਘੁੰਮਣ। ਆਹ ਕੀ ਬਣਿਆ ਭਲਾ? ਰਿਸ਼ੀ, ਮੈਨੂੰ ਪਤੈ ਕਿ ਤੂੰ ਵੀ ਹੁਣ ਦੰਦ ਕੱਢ ਰਿਹੈਂ...ਮਜ਼ਾਕ ਨਹੀਂ ਉਡਾਈਦਾ ਕਿਸੇ ਦੇ ਸੱਚੇ ਪਿਆਰ ਦਾ...ਉਸ ਨੇ ਤਾਂ ਸੱਚ ਹੀ ਕਿਹਾ ਸੀ ਤੇ ਮੈਂ ਹੀ ਉਸ ਦਾ ਕੁਝ ਹੋਰ ਤੇ ਗ਼ਲਤ ਮਤਲਬ ਕੱਢ ਲਿਆ ਸੀ। ਮੇਰਾ ਮੂੰਹ ਵੀ ਹੁਣ ਚੱਕੀ ਦੇ ਟੁੱਟੇ ਪੁੜ ਵਰਗਾ ਹੋ ਗਿਆ ਸੀ

ਖੈਰ, ਮੈਂ ਅਗਲੇ ਦਿਨ ਫਿਰ ਫੋਨ ਕੀਤਾ ਤੇ ਉਹ ਕਹਿੰਦੀ ਹੁਣ ਆ ਜਾ...! ਮੈਂ ਉਹਦੇ ਘਰ ਮੂਹਰੇ ਗਿਆ ਤਾਂ ਉਥੇ ਕਈ ਲੜਕੇ-ਲੜਕੀਆਂ, ਬਜ਼ੁਰਗ, ਤੇ ਬੱਚੇ ਪਹਿਲਾਂ ਈ ਖੜ੍ਹੇ ਸਨ ਤੇ ਮੈਂ ਆਪਣੇ ਵੱਲੋਂ ਮਹਿਮਾਨ ਹੋਣ ਦਾ ਸਬੂਤ ਦਿੰਦਿਆਂ ਪੁੱਛਿਆ ਕਿ ਮੈਡਮ ਰੀਨਾ ਜੀ ਇੱਥੇ ਈ ਰਹਿੰਦੇ ਨੇ? ਅੱਗੋਂ ਉਹ ਹੱਸਣ ਲੱਗ ਪਏ ਤੇ ਕਹਿੰਦੇ ਤੁਹਾਡੇ ਮੈਡਮ ਰੀਨਾ ਜੀ ਤਾਂ ਇਥੇ ਕੋਈ ਨਹੀਂ ਰਹਿੰਦੇ..ਪਰ 85 ਸਾਲਾ ਮਾਤਾ ਰੀਨਾ ਦੇਵੀ ਜੀ ਜ਼ਰੂਰ ਰਹਿੰਦੇ ਐ।

ਮੇਰੇ ਤਾਂ ਪੈਰੋਂ ਹੇਠ ਜ਼ਮੀਨ ਨਿੱਕਲ ਗਈ। 4-5 ਮਹੀਨਿਆਂ ਤੋਂ ਸੁਫਨੇ ਦੇਖ ਰਿਹਾ ਸੀ ਤੇ ਕਾਲਜ ਪੜ੍ਹਦੀ ਰੀਨਾ ਦੀ ਥਾਂ ਇਹ ਤਾਂ ਮਾਤਾ ਰੀਨਾ ਦੇਵੀ ਨਿਕਲ ਆਈ। ਅੱਗੋਂ ਜਿਹੜੇ ਉਹ ਲੋਕ ਉਥੇ ਇਕੱਠੇ ਹੋਏ ਸੀ, ਕਹਿਣ ਲੱਗੇ ਤੁਸੀਂ ਵੀ ਕਥਾ ਸੁਣਨ ਆਏ ਓ?

ਮੈਨੂੰ ਤਾਂ ਕੁੱਝ ਵੀ ਸੁੱਝ ਨਹੀਂ ਸੀ ਰਿਹਾ, ਸਮਝ ਨਾ ਆਵੇ ਕਿਹੜੀ ਕਥਾ ਦੀ ਗੱਲ ਕਰ ਰਹੇ ਨੇ। ਮੈਂ ਘਬਰਾਹਟ ਵਿੱਚ ਹਾਂ ਕਰ ਦਿੱਤੀ।

ਰਿਸ਼ੀ, ਮੇਰੇ ਨਾਲ ਜੋ ਵਾਪਰਿਆ ਸੋ ਵਾਪਰਿਆ ਪਰ ਤੂੰ ਜਿਹੜੇ ਦੰਦ ਕੱਢ ਕੱਢ ਕੇ ਇਹ ਗੱਲ ਸੁਣਾ ਰਿਹੈਂ ਨਾ, ਮੈਂ ਗਿਣ ਗਿਣ ਕੇ ਬਦਲੇ ਲਊਂ ਤੇਰੇ ਕੋਲੋਂ, ਆਈਂ ਸਹੀ ਉੱਪਰ ਇਕ ਵਾਰ ਜ਼ਰਾ।

ਅੱਗੋਂ 85 ਸਾਲਾ ਮਾਤਾ ਰੀਨਾ ਦੇਵੀ ਜੀ ਦੇ ਮੂਹਰਲੇ ਚਾਰ ਦੰਦ ਟੁੱਟੇ ਹੋਏ ਸਨ, ਥੋੜ੍ਹਾ ਜਿਹਾ ਕੁੱਬ ਵੀ ਪਿਆ ਹੋਇਆ ਸੀ ਤੇ ਗਲੇ ਵਿੱਚ ਹਾਰ ਪਾਈ ਉਹ ਆ ਗਈ ਤੇ ਸਾਰੇ ਲੋਕ ਜ਼ਮੀਨ 'ਤੇ ਬੈਠ ਗਏ। ਉਹ ਤਾਂ ਭਾਂਈ ਲੱਗੀ ਰਾਧਾ-ਕ੍ਰਿਸ਼ਨ ਦੇ ਪ੍ਰੇਮ ਦੀ ਗੱਲ! ਪ੍ਰਵਚਨ ਜਦੋਂ ਖਤਮ ਹੋਏ ਤਾਂ ਸਾਰੇ ਜਣੇ ਚਲੇ ਗਏ ਤੇ ਅਖੀਰ ਵਿੱਚ ਮੈਂ ਉਠਿਆ। ਮੈਂ ਕਿਹਾ ਜੀ ਮੈਂ ਹੀ ਵਿਦਿਉਤ ਹਾਂ...ਕੀ ਮੇਰੀਆਂ ਕਵਿਤਾਵਾਂ ਤੁਸੀਂ ਹੀ ਪਸੰਦ ਕਰ ਰਹੇ ਸੀ ਤੇ ਤੁਹਾਡੇ ਨਾਲ ਹੀ ਚੈਟਿੰਗ ਹੋ ਰਹੀ ਸੀ? ਤੁਸੀਂ ਤਾਂ ਕਿਹਾ ਸੀ ਤੁਸੀਂ ਕਾਲਜ ਦੀ ਵਿਦਿਆਰਥਣ ਹੋ ਤੇ ਆਹ ਕੀ ਧੋਖਾ? ਉਹ ਕਹਿੰਦੀ, ਉਮਰ ਤਾਂ ਮੈਂ ਤੈਨੂੰ ਕਦੀ ਹੀ ਨਹੀਂ ਸੀ...ਮੇਰਾ ਨਾਮ ਰੀਨਾ ਹੀ ਹੈ ਤੇ ਪ੍ਰੇਮ ਦੇ ਕਾਲਜ ਵਿੱਚ ਮੈਂ ਅਜੇ ਵੀ ਪੜ੍ਹਾਈ ਕਰ ਰਹੀ ਆਂ। ...ਰੱਬ ਨਾਲ ਪ੍ਰੇਮ ਕਰਿਆ ਕਰੋ...ਢਾਈ ਅੱਖਰ ਪ੍ਰੇਮ ਕੇ, ਪੜ੍ਹੇ ਸੋ ਪੰਡਿਤ ਹੋਏ! ਜੇ ਤੁਸੀਂ ਪ੍ਰੇਮ ਵਾਲਾ ਸਬਕ ਪੜ੍ਹ ਗਏ ਤਾਂ ਸਮਝ ਲਉ, ਤੁਹਾਡਾ ਰੱਬ ਨਾਲ ਪਿਆਰ ਹੋ ਗਿਆ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ! ਮੈਂ ਇਸੇ ਪ੍ਰੇਮ ਕਾਲਜ ਵਿੱਚ ਪੜ੍ਹਦੀ ਆਂ।

ਰਿਸ਼ੀ...ਸੱਚੀਂ ਜਾਣੀਂ ਯਾਰ...ਮੇਰਾ ਦਿਲ ਕਰੇ, ਇਕ ਘਸੁੰਨ ਕੱਢ ਮਾਰਾਂ ਤੇ ਇਹਦੇ ਬਾਕੀ ਰਹਿੰਦੇ ਦੰਦ ਵੀ ਭੰਨ ਦਿਆਂ...ਪਰ ਉਹਦੀ ਉਮਰ ਦੇਖ ਕੇ ਤਰਸ ਆਵੇ। ਮੈਂ ਉਹਨੂੰ ਕਿਹਾ, ਮਾਤਾ ਜੀ, ਆਪਣੇ ਪ੍ਰੇਮ ਕਾਲਜ ਵਿਚੋਂ ਤਾਂ ਮੇਰਾ ਨਾਮ ਕੱਟ ਈ ਦਿਓ...ਮੈਥੋਂ ਨਹੀਂ ਤੇਰਾ ਇਹ ਕੋਰਸ ਪੂਰਾ ਹੋਣਾ... ਚਵਲ ਨਾ ਹੋਵੇ ਕਿਸੇ ਥਾਂ ਦੀ!

ਰਿਸ਼ੀ ਜੀ, ਕਿਸੇ ਤਰ੍ਹਾਂ ਉਥੋਂ ਤਾਂ ਝੰਡ ਕਰਵਾ ਕੇ ਆ ਗਿਆ ਤੇ ਕਾਲਜ ਵਿੱਚ ਬਾਕੀ ਸਾਥੀਆਂ ਨੇ ਜਿਹੜੀ ਮੇਰੀ ਗਤ ਕੀਤੀ ਤੁਹਦੀ ਗੱਲ ਮੈਂ ਤੈਨੂੰ ਕਿਸੇ ਵੇਲੇ ਫੇਰ ਦੱਸੂੰਗਾ!

ਤੂੰ ਤਾਂ ਹੁਣ ਦੰਦ ਕੱਢ ਈ ਲੈ
ਨਾ ਮੇਰੇ ਸਿਰ 'ਤੇ!
ਫੇਰ ਲਿਖੂੰ ਕਦੀ!
ਤੇਰਾ ਛੋਟਾ ਵੀਰ
ਵਿਦਿਉਤ ਪ੍ਰਕਾਸ਼ ਮੌਰੀਆ।



# ਵੈਨਕੋਵਰ ਇਲਾਕੇ ਵਿੱਚ ਦਿਨ ਦਿਹਾੜੇ ਤਾਬੜਤੋੜ ਗੋਲੀਆਂ ਚੱਲੀਆਂ -ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ਨੀਵਾਰ ਨੂੰ ਵੈਨਕੂਵਰ ਡਾਊਨ ਦੇ ਵਿੱਚ ਦਿਨ ਦਿਹਾੜੇ ਹੋਈ ਗੋਲੀ ਬਾਰੀ ਨੇ ਸ਼ਹਿਰ ਵਾਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸ਼ਨੀਵਾਰ ਨੂੰ ਸ਼ਾਮੀ ਪੌਣੇ ਛੇ ਵਜੇ ਦੇ ਕਰੀਬ ਰਿਚਰਡ ਸਟਰੀਟ ਦੇ ਰੋਬਸਨ ਸਟਰੀਟ ਉੱਪਰ ਇੱਕ ਕਾਲੇ ਰੰਗ ਦੀ ਐਸ ਯੂ ਵੀ ਤੇ ਸਵਾਰ ਹੋ ਕੇ ਆਏ ਦੋ ਗੰਨਮੈਨਾਂ ਵੱਲੋਂ ਇੱਕ ਹੋਰ ਗੱਡੀ ਤੇ ਤਾਬੜ ਤੋੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਜਦੋਂ ਇਹਨਾਂ ਦੋਹਾਂ ਵੱਲੋਂ ਗੱਡੀ ਦੇ ਅੰਦਰ ਗੋਲੀਬਾਰੀ ਸ਼ੁਰੂ ਕੀਤੀ ਗਈ ਤਾਂ ਉਹ ਗੱਡੀ ਵੀ ਉਥੋਂ ਤੇਜ਼ੀ ਨਾਲ ਅੱਗੇ ਵਧੀ ਅਤੇ ਸਾਹਮਣੇ ਖੜੀ ਇੱਕ ਚਿੱਟੇ ਰੰਗ ਦੀ ਔਡੀ ਕਾਰ ਦੇ ਨਾਲ ਟਕਰਾ ਗਈ। ਇਸੇ ਦੌਰਾਨ ਜਿਸ ਗੱਡੀ ਉੱਪਰ ਗੋਲੀਬਾਰੀ ਹੋ ਰਹੀ ਸੀ ਉਸ ਵਿੱਚ ਸਵਾਰ ਇੱਕ ਵਿਅਕਤੀ ਗੱਡੀ ਚੋਂ ਉਤਰ ਕੇ ਦੌੜ ਗਿਆ ਜਦੋਂ ਕਿ ਇੱਕ ਸ਼ੂਟਰ ਲਗਾਤਾਰ ਗੱਡੀ ਦੇ ਅੰਦਰ ਮੌਜੂਦ ਵਿਅਕਤੀ ਉੱਪਰ ਗੋਲੀਆਂ ਚਲਾਉਂਦਾ ਰਿਹਾ। ਗੋਲੀਬਾਰੀ ਤੋਂ ਬਾਅਦ ਸਥਾਨਕ ਲੋਕਾਂ ਨੇ ਕਿਹਾ ਹੈ ਕਿ ਦਿਨ ਦਿਹਾੜੇ ਇਸ ਤਰ੍ਹਾਂ ਦੀ ਵੱਡੀ ਵਾਰਦਾਤ ਹੋਣ ਨਾਲ ਉਹ ਕਾਫੀ ਡਰ ਗਏ ਹਨ। ਜਦੋਂ ਗੋਲੀਬਾਰੀ ਹੋਈ ਤਾਂ ਆਸ ਪਾਸ ਦੇ ਸਟੋਰਾਂ ਵਿੱਚ ਜੋ ਲੋਕ ਮੌਜੂਦ ਸਨ ਉਹ ਬਚਣ ਲਈ ਜਾਂ ਤੇ ਮੇਜਾਂ ਦੇ ਹੇਠਾਂ ਲੁਕ ਗਏ ਜਾਂ ਫਿਰ ਜਿੱਥੇ ਵੀ ਕਿਸੇ ਨੂੰ ਕੋਈ ਸੁਰੱਖਿਤ ਜਗ੍ਹਾ ਲੱਭੀ ਉਹ ਉੱਥੇ ਜਾ ਕੇ ਲੁਕ ਗਿਆ। ਵੈਨਕੂਵਰ ਪੁਲਿਸ ਨੇ ਆਖਿਆ ਕਿ ਇਹ ਬੇਹੱਦ ਖਤਰਨਾਕ ਵਾਰਦਾਤ ਸੀ ਕਿਉਂਕਿ ਜਿਸ ਵਕਤ ਗੋਲੀਬਾਰੀ ਹੋ ਰਹੀ ਸੀ ਉਸ ਵਕਤ ਉਸ ਇਲਾਕੇ ਵਿੱਚ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ। ਪੁਲਿਸ ਨੇ ਇਸ ਨੂੰ ਮਿੱਥ ਕੇ ਕੀਤੀ ਗਈ ਗੋਲੀਬਾਰੀ ਦੱਸਿਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਗੈਂਗ ਹਿੰਸਾ ਦੀਆਂ ਅਜਿਹੀਆਂ ਵਾਰਦਾਤਾਂ ਸਰੀ ਅਤੇ ਲੈਂਗਲੀ ਵਿੱਚ ਤਾਂ ਹੁੰਦੀਆਂ ਆਮ ਵੇਖੀਆਂ ਸੁਣੀਆਂ ਹਨ ਪਰ ਵੈਨਕੂਵਰ ਦੇ ਵਿੱਚ ਇਸ ਤਰ੍ਹਾਂ ਦੀ ਵਾਰਦਾਤ ਬਹੁਤ ਹੀ ਘੱਟ ਵੇਖਣ ਨੂੰ ਮਿਲੀ ਸੀ।

## ਮਾਲਵਾਹਕ ਜਹਾਜ ਟਕਾਉਣ ਕਾਰਣ ਬਾਲਟੀਮੋਰ ਦਾ ਬ੍ਰਿਜ ਟੁੱਟ ਗਿਆ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਮੈਰੀਲੈਂਡ ਵਿੱਚ ਇੱਕ ਮਾਲਵਾਹਕ ਜਹਾਜ਼ ਦੇ ਟਕਰਾਉਣ ਤੋਂ ਬਾਅਦ ਬਾਲਟੀਮੋਰ ਦਾ ਫ੍ਰਾਂਸਿਸ ਸਕਾਟ ਕੀ ਬ੍ਰਿਜ ਢਹਿ ਗਿਆ ਸੀ। ਬੀਤੀ ਸ਼ਾਮ ਤੱਟ ਰੱਖਿਅਕ ਅਧਿਕਾਰੀ ਐਡਮਿਰਲ ਸ਼ੈਨਨ ਗਿਲਰੇਥ ਨੇ ਨੂੰ ਦੱਸਿਆ ਕਿ ਇੱਕ ਘੰਟੇ ਤੱਕ ਚੱਲੇ ਖੋਜ ਅਭਿਆਨ ਤੋਂ ਬਾਅਦ ਛੇ ਲਾਪਤਾ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਪੈਟਾਪਸਕੋ ਨਦੀ 'ਚ ਕਈ ਘੰਟਿਆਂ ਤੱਕ ਤਲਾਸ਼ੀ ਮੁਹਿੰਮ ਚਲਾਈ। ਪਾਣੀ ਦੇ ਤਾਪਮਾਨ ਅਤੇ ਹੋਰ ਤੱਥਾਂ ਦੇ ਆਧਾਰ 'ਤੇ, ਸਾਡਾ ਮੰਨਣਾ ਹੈ ਕਿ ਨਦੀ ਵਿੱਚ ਡਿੱਗਣ ਵਾਲੇ ਛੇ ਲੋਕਾਂ ਦਾ ਬਚਣਾ ਬਹੁਤ ਮੁਸ਼ਕਲ ਸੀ। ਵਰਨਣਯੋਗ ਹੈ ਡਾਲੀ ਜਹਾਜ਼ 'ਤੇ ਮੌਜੂਦ ਚਾਲਕ ਦਲ ਦੇ ਸਾਰੇ 22 ਮੈਂਬਰ ਭਾਰਤੀ ਸਨ ਅਤੇ ਸਾਰੇ ਸੁਰੱਖਿਅਤ ਹਨ। ਓਧਰ ਮੈਰੀਲੈਂਡ ਦੇ ਗਵਰਨਰ ਵੇਸ ਮੂਰ ਨੇ ਕਿਹਾ ਕਿ ਜਹਾਜ਼ ਦੇ ਅਮਲੇ ਨੇ ਸਮੇਂ 'ਤੇ ਖ਼ਤਰੇ ਦੀ ਸੂਚਨਾ ਦਿੱਤੀ। ਇਸ ਕਾਰਨ ਪੁਲ 'ਤੇ ਆਵਾਜਾਈ ਠੱਪ ਹੋ ਗਈ ਅਤੇ ਕਈ ਜਾਨਾਂ ਬਚ ਗਈਆਂ। ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਵੀ ਇਸ ਦੇ ਲਈ ਭਾਰਤੀ ਚਾਲਕ ਦਲ ਦੀ ਤਾਰੀਫ ਕੀਤੀ ਹੈ।ਰਾਸ਼ਟਰਪਤੀ ਬਾਇਡਨ ਨੇ ਸੰਸਦ ਵਿੱਚ ਐਲਾਨ ਕੀਤਾ ਕਿ ਸਰਕਾਰ ਬਾਲਟੀਮੋਰ ਬ੍ਰਿਜ ਦੇ ਮੁੜ ਨਿਰਮਾਣ ਦਾ ਸਾਰਾ ਖਰਚਾ ਸਹਿਣ ਕਰੇਗੀ। ਫ੍ਰਾਂਸਿਸ ਕੀ ਬ੍ਰਿਜ 1977 ਵਿੱਚ ਪੈਟਾਪਸਕੋ ਨਦੀ ਉੱਤੇ ਬਣਾਇਆ ਗਿਆ ਸੀ। ਇਸਦਾ ਨਾਮ ਫਰਾਂਸਿਸ ਸਕਾਟ ਕੀ ਦੇ ਨਾਮ ਉੱਤੇ ਰੱਖਿਆ ਗਿਆ ਹੈ, ਜਿਨ੍ਹਾਂ ਨੇ ਅਮਰੀਕਾ ਦਾ ਰਾਸ਼ਟਰੀ ਗੀਤ ਲਿਖਿਆ ਸੀ।

## ਰੂਸੀ ਹਮਲੇ ਸਬੰਧੀ ਚਾਰ ਹਮਲਾਵਰ ਮਾਸਕੋ ਅਦਾਲਤ ਵਿੱਚ ਪੇਸ਼ ਕੀਤੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਮਾਸਕੋ ਅੱਤਵਾਦੀ ਹਮਲੇ ਦੇ ਚਾਰ ਹਮਲਾਵਰਾਂ ਨੂੰ ਮਾਸਕੋ ਜ਼ਿਲਾ ਅਦਾਲਤ 'ਚ ਪੇਸ਼ ਕੀਤਾ ਗਿਆ। ਸਾਰਿਆਂ ਖਿਲਾਫ ਅੱਤਵਾਦ ਦੇ ਦੋਸ਼ਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਇਸ ਦੋਸ਼ ਵਿੱਚ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਚਾਰਾਂ ਦੀ ਪਛਾਣ ਤਜ਼ਾਕਿਸਤਾਨ ਦੇ ਨਾਗਰਿਕਾਂ ਵੱਜੋਂ ਹੋਈ ਹੈ। ਸਾਰਿਆਂ ਦੀ ਉਮਰ 19 ਤੋਂ 32 ਸਾਲ ਦਰਮਿਆਨ ਹੈ। ਜਦੋਂ ਚਾਰਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ੀ ਲਈ ਲਿਆਂਦਾ ਗਿਆ ਤਾਂ ਉਨ੍ਹਾਂ ਦੇ ਚਿਹਰੇ ਬੁਰੀ ਤਰ੍ਹਾਂ ਜ਼ਖ਼ਮੀ ਸਨ। ਇੱਕ ਦੋਸ਼ੀ ਵੀਲ੍ਹ ਚੇਅਰ 'ਤੇ ਅਦਾਲਤ ਪਹੁੰਚਿਆ। ਰੂਸੀ ਮੀਡੀਆ ਮੁਤਾਬਕ ਪੁੱਛਗਿੱਛ ਦੌਰਾਨ ਉਸ 'ਤੇ ਤਸ਼ੱਦਦ ਕੀਤਾ ਗਿਆ। ਦੂਜੇ ਪਾਸੇ ਇਸ ਹਮਲੇ 'ਚ ਹੁਣ ਤੱਕ 137 ਲੋਕਾਂ ਦੀ ਮੌਤ ਹੋ ਚੁੱਕੀ ਹੈ। 182 ਲੋਕ ਜ਼ਖਮੀ ਦੱਸੇ ਜਾ ਰਹੇ ਹਨ, ਜਿਨ੍ਹਾਂ 'ਚੋਂ 40 ਦੀ ਹਾਲਤ ਨਾਜ਼ੁਕ ਹੈ। ਰੂਸੀ ਮੀਡੀਆ 'ਤੇ ਚਲਾਈ ਜਾ ਰਹੀ ਫੁਟੇਜ 'ਚ ਦੋਸ਼ੀ ਆਪਣਾ ਜੁਰਮ ਕਬੂਲ ਕਰਦੇ ਨਜ਼ਰ ਆ ਰਹੇ ਹਨ। ਵੀਡੀਓ ਵਿੱਚ ਇੱਕ ਵਿਅਕਤੀ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਹਨ ਅਤੇ ਉਸ ਤੋਂ ਪੁੱਛ-ਪੜਤਾਲ ਕਰ ਰਿਹਾ ਸੁਰੱਖਿਆ ਕਰਮੀ ਉਸ ਨੂੰ ਵਾਲਾਂ ਤੋਂ ਫੜ ਰਿਹਾ ਹੈ। ਮੁਲਜ਼ਮ ਟੁੱਟੀ ਭੱਜੀ ਰੂਸੀ ਭਾਸ਼ਾ ਵਿੱਚ ਬੋਲ ਰਿਹਾ ਹੈ ਕਿ ਉਸ ਨੇ ਪੈਸਿਆਂ ਲਈ ਲੋਕਾਂ ਦਾ ਕਤਲ ਕੀਤਾ ਹੈ। ਦੋਸ਼ੀਆਂ ਮੁਤਾਬਕ ਉਨ੍ਹਾਂ ਨੂੰ ਕ੍ਰੋਕਸ ਸਿਟੀ ਹਾਲ 'ਤੇ ਹਮਲੇ ਲਈ 5 ਹਜ਼ਾਰ ਡਾਲਰ ਦਿੱਤੇ ਗਏ ਸਨ।



















# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਰਹੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਦਿਨ ਐਤਵਾਰ 24 ਮਾਰਚ 2024 ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ। ਸਭਾ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਸੀਤਲ 'ਪੰਨੂ' ਅਤੇ ਕੈਲਗਰੀ ਦੇ ਸੁਹਿਰਦ ਇਨਸਾਨ ਅਤੇ ਪ੍ਰਤਿਬੱਧ ਕਵੀ ਇਕਬਾਲ ਖਾਨ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸ: ਸੁਰਜੀਤ ਸਿੰਘ ਸੀਤਲ ਾ ਸ: ਸੋਹਣ ਸਿੰਘ ਸੀਤਲ ਦੇ ਸਪੁੱਤਰ ਸਨ। ਇਕਬਾਲ ਖਾਨ ਲੋਕ ਸੰਘਰਸ਼ਾਂ ਨੂੰ ਪ੍ਰਣਾਇਆ ਹੋਇਆ ਜਿੰਦਾ ਦਿਲ ਲੇਖਕ ਸੀ। ਉਸਦੇ ਵਿਛੜਨ ਨਾਲ ਖੱਬੇ ਪੱਖੀ ਸਾਹਿਤਕ ਅਤੇ ਸਭਿਆਚਾਰ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਇਹਨਾਂ ਦੋਨਾਂ ਲੇਖਕਾਂ ਦੇ ਰਿਸ਼ਤੇਦਾਰਾਂ , ਸੁਨੇਹੀਆਂ ਅਤੇ ਸਮੁੱਚੇ ਲੇਖਕ ਭਾਈਚਾਰੇ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਗੁਰਦਿਆਲ ਸਿੰਘ ਖਹਿਰਾ ਨੇ ਸੁਰਜੀਤ ਸਿੰਘ ਸੀਤਲ ਦੀ ਇੱਕ ਰੁਬਾਈ ਸਰੋਤਿਆਂ ਨਾਲ ਸਾਂਝੀ ਕੀਤੀ।

ਜਦ ਮੈਂ ਮਰਿਆ ਕੋਈ ਮੇਨੂੰ ਰੋਣ ਨਾ ਆਇਓ
ਦੁਨੀਆਂ ਦੇ ਸਾਹਵੇਂ ਐਵੇਂ ਸੱਚੇ ਹੋਣ ਨਾਲ ਆਇਓ
ਸਾਰੀ ਉਮਰ ਪੰਨੂਆਂ ਮੈਂ ਵਾਟਾਂ ਤੱਕੀਆਂ ਨੇ
ਅੰਤ ਵੇਲੇ ਅੱਖੀਆਂ ਦੇ ਬੂਹੇ ਢੋਣ ਨਾ ਆਇਓ



ਜੀ ਨੇ ਬੋਲੀਆਂ ਸੁਣਾਈਆਂ। ਸਭਾ ਦੇ ਨਵੇਂ ਮੈਂਬਰ ਤਰਜੀਤ ਸਿੰਘ ਲਾਲੀ ਨੇ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹਾਦਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਸੁਖਮੰਦਰ ਸਿੰਘ ਤੂਰ ਜੀ ਨੇ ਆਪਣੀ ਅਤਿ ਸੁਰੀਲੀ ਆਵਾਜ਼ ਵਿੱਚ ਜਸਵਿੰਦਰ ਸਿੰਘ ਰੂਪਾਲ ਅਤੇ ਗੁਰਦੀਸ਼ ਕੌਰ ਗਰੇਵਾਲ ਦੀਆਂ ਰਚਨਾਵਾਂ ਦਾ ਗਾਇਨ ਕੀਤਾ। ਮਨਜੀਤ ਕੌਰ ਖਹਿਰਾ ਨੇ ਔਰਤ ਦਿਵਸ ਨੂੰ ਯਾਦ ਕਰਦਿਆਂ, ਇਤਿਹਾਸ ਦੇ ਪੰਨੇ ਫਰੋਲਦਿਆਂ ਕੁਝ ਮਹਾਨ ਔਰਤਾਂ ਦਾ ਜ਼ਿਕਰ ਕੀਤਾ। ਸੁਰਿੰਦਰ ਗੀਤ ਨੇ ਦੋ ਕਿਤਾਬਾਂ ਮਨਜੀਤ ਕੌਰ ਖਹਿਰਾ ਨੂੰ ਭੇਟ ਕੀਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਅੱਗੇ ਤੋਂ ਵੀ ਕੁੱਝ ਨਾ ਕੁੱਝ ਸੁਣਾਉਂਦੇ ਰਹਿਣਗੇ। ਅੰਤ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਭਾਰਤ ਫੇਰੀ ਅਤੇ ਨਵੀਆਂ ਸਫ਼ਲਤਾਵਾਂ ਦਾ ਵਰਨਣ ਕਰਦਿਆ ਕਿਹਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨਵੀਂ ਦਿੱਲੀ ਅਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਜੋ ਮਾਨ ਸਨਮਾਨ ਪ੍ਰਾਪਤ ਹੋਇਆ ਹੈ ਉਹ ਉਸਦੀ ਲੇਖਣੀ ਵਿੱਚ ਹੋਰ ਨਵੀਨਤਾ ਲਿਆਏਗਾ।ਗੁਰਬਖ਼ਸ ਗਿੱਲ ਤੇ ਸੁਖਵੰਤ ਲਾਲੀ ਤੇ ਹੋਰਾਂ ਨੇ ਸਭਾ ਦੀ ਰੌਣਕ ਨੂੰ ਵਧਾਇਆ। ਪੰਜਾਬੀ ਸਾਹਿਤ ਸਭਾ ਦੀ ਅਪ੍ਰੈਲ ਮਹੀਨੇ ਦੇ ਇਕੱਤਰਤਾ 28 ਅਪ੍ਰੈਲ ਨੂੰ ਕੋਸੋ ਹਾਲ ਵਿੱਚ ਬਾਦ ਦੋ ਵਜੇ ਦੁਪਹਿਰ ਹੋਵੇਗੀ।

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਜਸਵੰਤ ਜ਼ਫ਼ਰ ਜੀ ਦੀ ਇੱਕ ਨਜ਼ਮ ਸਾਂਝੀ ਕੀਤੀ। ਸਭਾ ਦੇ ਖਜਾਨਚੀ ਮਨਜੀਤ ਬਰਾੜ ਨੇ ਕਹਾਣੀ ਸੁਣਾਈ। ਪ੍ਰਸ਼ੋਤਮ ਭਰਦਵਾਜ਼ ਜੀ ਨੇ ਸ਼ਹੀਦਾਂ ਦੀ ਸ਼ਹਾਦਤ ਨਾਲ ਸੰਬੰਧਤ ਇਕ ਕਵਿਤਾ ਅਤੇ ਤੇਜਾ ਸਿੰਘ ਪ੍ਰੇਮੀ

# ਗੱਡੀਆਂ ਚੋਰੀ ਕਰਨ ਵਾਲੇ ਗਰੋਹ ਦੇ 7 ਮੈਂਬਰ ਪੁਲਿਸ ਦੇ ਅੜਿੱਕੇ ਆਏ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ)ਟੋਰਾਂਟੋ ਪੁਲਿਸ ਨੇ ਇੱਕ ਲੰਬੇ ਅਤੇ ਗੁਪਤ ਅਪਰੇਸ਼ਨ ਉਪਰੰਤ ਵੱਡੀ ਕਾਮਯਾਬੀ ਹਾਸਲ ਕੀਤੀ ਹੈ ਜਿਸ ਵਿੱਚ 7 ਜਣਿਆਂ ਨੂੰ ਚੋਰੀ ਦੀਆਂ ਗੱਡੀਆਂ ,ਹਥਿਆਰਾਂ ਅਤੇ ਡਰੱਗਸ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਹਨਾਂ ਉੱਪਰ 150 ਤੋਂ ਜ਼ਿਆਦਾ ਚਾਰਜਿਜ ਲਗਾਏ ਗਏ ਹਨ । ਇਸ ਸਬੰਧੀ ਟੋਰਾਂਟੋ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਜੈਕਟ ਸਪੈਕਟਰ ਨਾਂ ਦਾ ਇਹ ਆਪਰੇਸ਼ਨ ਪਿਛਲੇ ਸਾਲ ਅਪ੍ਰੈਲ ਮਹੀਨੇ ਵਿਚ ਸ਼ੁਰੂ ਕੀਤਾ ਗਿਆ ਸੀ ਜਿਸ ਵਿੱਚ ਟੋਰਾਂਟੋ ਪੁਲਿਸ ਸਰਵਿਸ ਦੇ ਇੰਟੈਗਰੇਟਡ ਗਨ ਐਂਡ ਗੈਂਗ ਟਾਸਕ ਫੋਰਸ ਅਤੇ ਫਾਇਰ ਆਰਮ ਇਨਫੋਰਸਮੈਂਟ ਯੂਨਿਟ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਸੀ । ਇਸ ਅਪਰੇਸ਼ਨ ਵਾਸਤੇ ਅੰਡਰ ਕਵਰ ਅਫਸਰਾਂ ਵੱਲੋਂ ਇਸ ਔਰਗਨਾਈਜਡ ਕਰਾਈਮ ਨੈਟਵਰਕ ਦਾ ਪਰਦਾਫਾਸ਼ ਕਰਨ ਲਈ ਸਟਿੰਗ ਆਪਰੇਸ਼ਨ ਕੀਤੇ ਗਏ ਸਨ ਅਤੇ ਇਸ ਗੈਂਗ ਕੋਲੋਂ ਹਥਿਆਰ ਕੋਕੀਨ ਅਤੇ ਚੋਰੀ ਦੇ ਵਾਹਨ ਖਰੀਦੇ ਗਏ ਸਨ, ਇਸ ਲਈ ਦੋ ਵੱਖੋ ਵੱਖਰੇ ਪਰ ਆਪਸ ਚ ਜੁੜੇ ਹੋਏ ਸਟਿੰਗ ਆਪਰੇਸ਼ਨ ਕੀਤੇ ਗਏ ਸਨ ।ਅੰਡਰ ਕਵਰ ਪੁਲਿਸ ਅਧਿਕਾਰੀਆਂ ਵੱਲੋਂ ਛੇ ਪਿਸਤੌਲਾਂ ਖਰੀਦੀਆਂ ਗਈਆਂ ਅਤੇ 200 ਗ੍ਰਾਮ ਤੋਂ ਜਿਆਦਾ ਕੋਕੀਨ ਖਰੀਦੀ ਗਈ ਇਸ ਉਪਰੰਤ ਪੁਲਿਸ ਵੱਲੋਂ ਦੂਜਾ ਆਪਰੇਸ਼ਨ ਪ੍ਰੋਜੈਕਟ ਪੈਰਾਨੋਇਡ ਸ਼ੁਰੂ ਕੀਤਾ ਗਿਆ, ਜਿਸ ਦਾ ਮਕਸਦ ਚੋਰੀ ਦੇ ਵਾਹਨਾਂ ਨੂੰ ਦੂਜੀ ਜਗ੍ਹਾ ਪਹੁੰਚਾਉਣਾ ਅਤੇ ਉਹਨਾਂ ਦੀ ਰੀ ਵਿਨਿੰਗ ਆਦਿ ਦਾ ਪਰਦਾਫਾਸ਼ ਕਰਨਾ ਸ਼ਾਮਿਲ ਸੀ । ਰੀ ਵਿਨਿੰਗ ਦਾ ਮਤਲਬ ਹੁੰਦਾ ਹੈ ਕਿ ਚੋਰੀ ਦੇ ਵਾਹਣ ਦੇ ਵਿਨ ਨੰਬਰ ਨੂੰ ਬਦਲ ਦੇਣਾ ਤੇ ਇਸ ਤਰ੍ਹਾਂ ਬਣਾ ਦੇਣਾ ਕਿ ਉਹ ਨੰਬਰ ਅਸਲੀ ਲੱਗਦਾ ਹੈ। ਇਸ ਅਪਰੇਸ਼ਨ ਤਹਿਤ ਚੋਰੀ ਦੇ 48 ਵਾਹਨ ਬਰਾਮਦ ਕੀਤੇ ਗਏ ਜਿਹਨ੍ਹਾਂ ਦੀ ਅੰਦਾਜ਼ਨ ਕੀਮਤ ਪੌਣੇ ਚਾਰ ਮਿਲੀਅਨ ਡਾਲਰ ਬਣਦੀ ਹੈ। ਫੜੇ ਗਏ ਵਾਹਨਾਂ ਚੋਂ 20 ਵਾਹਨ ਬਰਲਿੰਗਟਨ ਵਿੱਚ ਸਥਿਤ ਇੱਕ ਸ਼ਿਪਿੰਗ ਲੋਕੇਸ਼ਨ ਉਪਰੋਂ ਬਰਾਮਦ ਕੀਤੇ ਗਏ ਅਤੇ ਇਸ ਵਿੱਚ ਹਾਲਟਨ ਰੀਜਨਲ ਪੁਲਿਸ ਦੀ ਮੱਦਦ ਲਈ ਗਈ ।

ਇਸ ਤੋਂ ਇਲਾਵਾ ਬਾਕੀ ਵਾਹਨ ਟੋਰਾਂਟੋ ਤੇ ਮੋਂਟਰਿਅਲ ਵਿੱਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਅਧਿਕਾਰੀਆਂ ਦੀ ਮਦਦ ਦੇ ਨਾਲ ਫੜੇ ਗਏ ਹਨ । ਇਸ ਤੋਂ ਇਲਾਵਾ ਪੂਰੇ ਗ੍ਰੇਟਰ ਟਰਾਂਟੋ ਏਰੀਆ ਵਿੱਚ ਅਜਿਹੀਆਂ ਕਈ ਥਾਵਾਂ ਦਾ ਪਤਾ ਲੱਗਾ ਹੈ ਜਿੱਥੇ ਇਹਨਾਂ ਚੋਰੀ ਦੇ ਵਾਹਨਾਂ ਨੂੰ ਰੱਖਿਆ ਜਾਂਦਾ ਸੀ ਅਤੇ ਬਾਅਦ ਵਿੱਚ ਦੂਜੇ ਦੇਸ਼ਾਂ ਵਿੱਚ ਭੇਜ ਦਿੱਤਾ ਜਾਂਦਾ ਸੀ ਜਾਂ ਫਿਰ ਉਹਨਾਂ ਦੇ ਵਿੰਨ ਨੰਬਰ ਬਦਲ ਕੇ ਓਨਟਾਰੀਓ ਵਿੱਚ ਹੀ ਵੇਚ ਦਿੱਤਾ ਜਾਂਦਾ ਸੀ।

## ਪੁਲ ਉੱਪਰ ਚੜ੍ਹੇ ਵਿਅਕਤੀ ਨੇ ਦੋ ਦਿਨ ਪੁਲਿਸ ਅਤੇ ਆਮ ਲੋਕਾਂ ਨੂੰ ਵਖ਼ਤ ਪਾਈ ਰੱਖਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਡਾਊਨ ਟਾਊਨ ਦੀਆਂ ਕਈ ਸੜਕਾਂ ਦੇ ਪੁਲਾਂ ਨੂੰ ਆਵਾਜਾਈ ਲਈ ਇੱਕ ਵਿਅਕਤੀ ਕਾਰਨ ਬੰਦ ਕਰਨਾ ਪਿਆ। ਕੈਲਗਰੀ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਵਿਅਕਤੀ ਰਾਤ ਸਾਢੇ 10 ਵਜੇ ਤੋਂ ਹੀ ਰੀਕੰਸੀਲੇਸ਼ਨ ਬ੍ਰਿਜ ਉੱਪਰ ਚੜ ਗਿਆ ਤੇ ਕਈ ਘੰਟਿਆਂ ਦੀ ਮਸ਼ੱਕਤ ਬਾਅਦ ਵੀ ਉਹ ਵਿਅਕਤੀ ਹੇਠਾਂ ਆਉਣ ਤੋਂ ਇਨਕਾਰ ਕਰ ਰਿਹਾ ਸੀ। ਉਸ ਰਾਤ ਤੋਂ ਪੈਦਾ ਹੋਈ ਇਹ ਸਥਿਤੀ ਅਗਲੇ ਦਿਨ ਨੂੰ ਵੀ ਜਾਰੀ ਰਹੀ । ਇੰਸਪੈਕਟਰ ਰੋਬ ਪੈਟਰਸਨ ਨੇ ਦੱਸਿਆ ਕਿ ਉਸ ਵਿਅਕਤੀ ਨਾਲ ਗੱਲਬਾਤ ਕਰਕੇ ਉਸ ਨੂੰ ਹੇਠਾਂ ਉਤਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਅਤੇ ਇਸੇ ਦੌਰਾਨ ਚਾਰ ਅਤੇ ਪੰਜ ਐਵੇਂਨਿਊਜ਼ ਦੇ ਫਲਾਈਓਵਰਾਂ ਨੂੰ ਵੀ ਆਵਾਜਾਈ ਵਾਸਤੇ ਅਤੇ ਪੈਦਲ ਲੋਕਾਂ ਵਾਸਤੇ ਵੀ ਬੰਦ ਕਰਨਾ ਪਿਆ



















# ਸਰੀ-ਫ਼ਲੀਟਵੁਡ ਤੋਂ ਅਵਤਾਰ ਸਿੰਘ ਗਿੱਲ ਕੰਜ਼ਰਵੇਟਿਵ ਪਾਰਟੀ ਦੇ ਹੋਣਗੇ ਉਮੀਦਵਾਰ



ਸਰੀ (ਪੰਜਾਬੀ ਅਖ਼ਬਾਰ ਬਿਊਰੋ)- ਭਾਵੇਂ ਪੰਜਾਬੀ ਰੋਜ਼ੀ-ਰੋਟੀ ਲਈ ਵਿਦੇਸ਼ਾਂ 'ਚ ਗਏ ਹਨ, ਪਰ ਉੱਥੇ ਜਾ ਕੇ ਵੀ ਕਿਸੇ ਨਾ ਕਿਸੇ ਖ਼ੇਤਰ 'ਚ ਪੰਜਾਬੀਆਂ ਨੇ ਪੰਜਾਬ ਤੇ ਪੰਜਾਬੀਅਤ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਹ ਖ਼ੇਤਰ ਭਾਵੇਂ ਸਮਾਜਿਕ ਹੋਵੇ, ਰਾਜਨੀਤਕ ਹੋਵੇ ਜਾਂ ਕੋਈ ਹੋਰ। ਪ੍ਰਸਿੱਧ ਰਿਅਲਟਰ ਅਤੇ ਸਕੌਟ ਰੋਡ ਸਰੀ ਦੇ ਚੀਫ਼ ਅਫ਼ਸਰ ਅਵਤਾਰ ਸਿੰਘ ਗਿੱਲ ਨੂੰ BC ਦੀ ਕੰਜ਼ਰਵੇਟਿਵ ਪਾਰਟੀ ਨੇ ਸਰੀ ਫ਼ਲੀਟਵੁਡ ਇਲਾਕੇ ਤੋਂ ਚੋਣ ਮੈਦਾਨ 'ਚ ਉਤਾਰਿਆ ਹੈ। ਜੇਕਰ ਅਵਤਾਰ ਸਿੰਘ ਦੀ ਵਿਦੇਸ਼ 'ਚ ਰਿਹਾਇਸ਼ ਦੀ ਗੱਲ ਕਰੀਏ ਤਾਂ ਉਹ ਤਕਰੀਬਨ ਪਿਛਲੇ ਤਿੰਨ ਦਹਾਕਿਆਂ ਤੋਂ ਕੈਨੇਡਾ 'ਚ ਰਹਿ ਰਹੇ ਹਨ ਅਤੇ ਉਹ ਪਿੰਡ ਕਾਲੇਕੇ (ਬਾਘਾ ਪੁਰਾਣਾ) ਜ਼ਿਲ੍ਹਾ ਮੋਗਾ ਦੇ ਜੰਮਪਲ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ 'ਚ ਵੌਲੰਟੀਅਰ ਕੰਮਾਂ ਰਾਹੀਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

ਰਾਜਨੀਤਕ ਖ਼ੇਤਰ ਦੇ ਨਾਲ-ਨਾਲ ਸਮਾਜਿਕ ਖ਼ੇਤਰ 'ਚ ਵੀ ਅਵਤਾਰ ਸਿੰਘ ਦੀਆਂ ਵੱਡੀਆਂ ਸੇਵਾਵਾਂ ਹਨ। ਉਹ ਗੁਰੂ ਨਾਨਕ ਫ਼ਰੀ ਕਿਚਨ ਦੇ ਮੁੱਢਲੇ ਮੈਂਬਰ ਵੀ ਹਨ ਜੋ ਕਿ ਹਰ ਹਫ਼ਤੇ ਡਾਊਨਟਾਊਨ ਵੈਨਕੂਵਰ 'ਚ ਲੋੜਵੰਦਾਂ ਨੂੰ ਲੰਗਰ ਛਕਾਉਂਦੀ ਹੈ। ਉਹ ਅਕਾਲ ਅਕੈਡਮੀ ਨਾਲ ਬੜੇ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਹ ਸਿੱਖ ਸੇਵਾ ਫ਼ਾਊਂਡੇਸ਼ਨ ਔਫ਼ ਕੈਨੇਡਾ ਦੇ ਫ਼ਾਊਂਡਰ ਤੇ ਚੇਅਰਮੈਨ ਵੀ ਹਨ। ਇਸ ਤੋਂ ਇਲਾਵਾ ਉਹ ਕੈਨੇਡਾ ਦੀ ਸਭ ਤੋਂ ਪੁਰਾਤਨ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੋਸਾਇਟੀ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਉਹ ਫ਼ਾਈਵ ਰਿਵਰ ਸੋਸਾਇਟੀ ਦੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਅ ਚੁਕੇ ਹਨ। ਇੰਨਾ ਹੀ ਨਹੀਂ, ਉਹ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ 'ਚ ਸੇਵਾਵਾਂ ਕਰ ਚੁੱਕੇ ਹਨ।

ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐਗਰੀਕਲਚਰ ਸਾਇੰਸ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਹੋਰ ਉਚੇਰੀ ਵਿਦਿਆ ਯੂਨੀਵਰਸਿਟੀ ਔਫ਼ ਬ੍ਰਿਟਿਸ਼ ਕੋਲੰਬੀਆ ਤੋਂ ਪ੍ਰਾਪਤ ਕੀਤੀ। ਭਾਵੇਂ ਸਿਆਸੀ ਖ਼ੇਤਰ ਉਨ੍ਹਾਂ ਲਈ ਬਿਲਕੁਲ ਨਵੀਨ ਹੈ, ਅਤੇ ਉਹ ਭਾਈਚਾਰੇ 'ਚ ਵਿਚਰਣ ਅਤੇ ਕੰਮ ਕਰਨ ਦਾ ਬਹੁਤ ਤਜਰਬਾ ਰੱਖਦੇ ਹਨ। ਪਿੰਡ ਕਾਲੇਕੇ ਤੇ ਇਲਾਕੇ 'ਚ ਉਨ੍ਹਾਂ ਨੂੰ ਟਿਕਟ ਮਿਲਣ 'ਤੇ ਖ਼ੁਸ਼ੀ ਦਾ ਮਾਹੌਲ ਹੈ ਤੇ ਦੇਸ਼-ਵਿਦੇਸ਼ ਤੋਂ ਵਧਾਈ ਦੇ ਸੰਦੇਸ਼ ਆ ਰਹੇ ਹਨ।

ਜ਼ਿਕਰਯੋਗ ਹੈ ਕਿ ਅਵਤਾਰ ਸਿੰਘ ਅੱਜਕੱਲ੍ਹ ਪੰਜਾਬ ਫ਼ੇਰੀ 'ਤੇ ਆਏ ਗਏ ਹੋਏ ਹਨ। ਉਨ੍ਹਾਂ ਦੀ ਇਸ ਖ਼ਬਰ ਤੋਂ ਬਾਅਦ ਪੰਜਾਬੀਆਂ ਦੇ ਨਾਲ-ਨਾਲ ਸਿੱਖ ਜਗਤ 'ਚ ਵੀ ਖ਼ੁਸ਼ੀ ਦਾ ਮਾਹੌਲ ਹੈ। ਉਮੀਦ ਹੈ ਕਿ ਪੰਜਾਬੀ ਅਵਤਾਰ ਸਿੰਘ ਨੂੰ ਇਨ੍ਹਾਂ ਚੋਣਾਂ 'ਚ ਜਿਤਾ ਕੇ ਵਿਧਾਨ ਸਭਾ ਭੇਜਣਗੇ ਤੇ ਅਵਤਾਰ ਸਿੰਘ ਵੀ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।

# ਭਾਰਤੀਆਂ ਨੇ ਵਿਦੇਸ਼ਾਂ ਤੋਂ ਰਿਕਾਰਡ 29 ਬਿਲੀਅਨ ਡਾਲਰ ਭੇਜੇ ਘਰ



ਓਕਵਿਲ(ਪੰਜਾਬੀ ਅਖਬਾਰ ਬਿਊਰੋ)- ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਨੇ ਘਰ ਪੈਸੇ ਭੇਜਣ ਦੇ ਮਾਮਲੇ 'ਚ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। ਅੰਕੜਿਆਂ ਦੇ ਅਨੁਸਾਰ ਵਿਦੇਸ਼ੀ ਭਾਰਤੀਆਂ ਨੇ ਦਸੰਬਰ ਤਿਮਾਹੀ 'ਚ ਰੈਮਿਟੈਂਸ ਰਾਹੀਂ 29 ਬਿਲੀਅਨ ਡਾਲਰ ਭੇਜੇ ਹਨ। ਰਿਜ਼ਰਵ ਬੈਂਕ ਦੁਆਰਾ ਪ੍ਰਕਾਸ਼ਿਤ ਸ਼ੁਰੂਆਤੀ ਅੰਕੜਿਆਂ ਅਨੁਸਾਰ ਦਸੰਬਰ 2023 ਨੂੰ ਖ਼ਤਮ ਹੋਏ ਪਿਛਲੇ ਵਿੱਤੀ ਸਾਲ ਦੀ ਤੀਜੀ ਤਿਮਾਹੀ 'ਚ ਸ਼ੁੱਧ ਇਨਵਾਰਡ ਰਿਮਿਟੈਂਸ 29 ਬਿਲੀਅਨ ਡਾਲਰ ਸੀ। ਇਸ ਦੇ ਅੰਕੜੇ ਭੁਗਤਾਨ ਸੰਤੁਲਨ ਦੇ ਚਾਲੂ ਖਾਤੇ 'ਚ ਪ੍ਰਾਈਵੇਟ ਟ੍ਰਾਂਸਫ਼ਰ ਸ਼੍ਰੇਣੀ 'ਚ ਦਰਜ ਕੀਤੇ ਗਏ ਹਨ। ਵਿਦੇਸ਼ੀ ਰੈਮਿਟੈਂਸ ਨੂੰ ਘਰੇਲੂ ਆਰਥਿਕਤਾ ਲਈ ਬਹੁਤ ਲਾਹੇਵੰਦ ਮੰਨਿਆ ਜਾਂਦਾ ਹੈ।

ਵਿਦੇਸ਼ੀ ਰੈਮਿਟੈਂਸ NRI ਡਿਪੌਜ਼ਿਟ ਤੋਂ ਵੱਖਰੇ ਹਨ। ਇਸ 'ਚ ਉਨ੍ਹਾਂ ਪੈਸਿਆਂ ਨੂੰ ਰੱਖਿਆ ਜਾਂਦਾ ਹੈ ਜੋ ਹੋਰਾਂ ਦੇਸ਼ਾਂ 'ਚ ਰਹਿਣ ਵਾਲੇ ਭਾਰਤੀ ਭਾਰਤ ਨੂੰ ਭੇਜਦੇ ਹਨ। ਇਸ ਨਾਲ ਦੇ ਦੇਸ਼ ਦੇ ਚਾਲੂ ਖਾਤੇ ਦੇ ਘਾਟੇ ਨੂੰ ਘੱਟ ਕਰਨ 'ਚ ਮਦਦ ਮਿਲਦੀ ਹੈ। ਦਸੰਬਰ ਦੀ ਤਿਮਾਹੀ 'ਚ ਵਿਦੇਸ਼ੀ ਰੈਮਿਟੈਂਸ 'ਚ ਆਈ ਇਸ ਤੇਜ਼ੀ ਦਾ ਮੁੱਖ ਕਾਰਨ ਵਿਦੇਸ਼ੀ ਗ਼ੈਰ ਨਿਵਾਸੀ ਮੁਦਰਾ 'ਚ ਲਗਾਤਾਰ ਵੱਧ ਰਿਹਾ ਰਿਟਰਨ ਹੈ। ਗ਼ੈਰ ਨਿਵਾਸੀ ਵਿਦੇਸ਼ੀ ਮੁਦਰਾ ਰਿਟਰਨ 'ਚ ਵਾਧਾ ਹੋਣ ਨਾਲ ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਲਈ ਜਮ੍ਹਾਂ ਰਕਮ ਜ਼ਿਆਦਾ ਆਕਰਸ਼ਕ ਹੋ ਜਾਂਦੀ ਹੈ।

ਇੱਕ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਦਸੰਬਰ ਤਿਮਾਹੀ 'ਚ ਪ੍ਰਾਪਤ ਹੋਏ 29 ਬਿਲੀਅਨ ਡਾਲਰ ਦਾ ਅੰਕੜਾ ਹੁਣ ਤਕ ਕਿਸੇ ਵੀ ਤਿਮਾਹੀ 'ਚ ਵਿਦੇਸ਼ਾਂ 'ਚ ਭੇਜੇ ਗਏ ਪੈਸੇ 'ਚ ਸਭ ਤੋਂ ਵੱਧ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 1991 ਤੋਂ ਬਾਅਦ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਪਾਇਆ ਗਿਆ ਕਿ ਇਹ ਕਿਸੇ ਇੱਕ ਤਿਮਾਹੀ 'ਚ ਵਿਦੇਸ਼ ਭੇਜਣ ਦਾ ਸਭ ਤੋਂ ਵੱਡਾ ਅੰਕੜਾ ਹੈ।

ਭਾਰਤ ਸਾਲਾਂ ਤੋਂ ਪੈਸੇ ਭੇਜਣ ਦੇ ਮਾਮਲੇ 'ਚ ਸਭ ਤੋਂ ਅੱਗੇ ਹੈ। ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ ਸਾਲ 2023 'ਚ ਭਾਰਤ ਨੂੰ ਵਿਦੇਸ਼ਾਂ ਤੋਂ ਭੇਜੇ ਜਾਣ ਵਾਲੇ ਪੈਸੇ ਤੋਂ 100 ਬਿਲੀਅਨ ਡਾਲਰ ਤੋਂ ਵੱਧ ਦੀ ਪ੍ਰਾਪਤੀ ਹੋਈ ਹੈ। ਵਰਤਮਾਨ 'ਚ ਭਾਰਤ ਨੂੰ ਮਿਲਣ ਵਾਲੇ ਵਿਦੇਸ਼ੀ ਰੈਮਿਟੈਂਸ 'ਚ ਸਭ ਤੋਂ ਵੱਧ ਯੋਗਦਾਨ ਅਮਰੀਕਾ ਤੋਂ ਆ ਰਿਹਾ ਹੈ। ਕੋਰੋਨਾ ਤੋਂ ਬਾਅਦ ਇੱਥੇ ਅਮਰੀਕਾ 'ਚ ਰਹਿਣ ਵਾਲੇ ਭਾਰਤੀਆਂ ਦੁਆਰਾ ਲਗਾਤਾਰ ਜ਼ਿਆਦਾ ਪੈਸੇ ਭੇਜੇ ਜਾ ਰਹੇ ਹਨ ਜਦ ਕਿ ਖਾੜੀ ਦੇਸ਼ਾਂ ਤੋਂ ਰੈਮਿਟੈਂਸ ਘੱਟ ਆ ਰਿਹਾ ਹੈ।

# ਮਨੁੱਖੀ ਤਸਕਰ ਨੇ ਦੋਸ਼ਾਂ ਤੋਂ ਕੀਤਾ ਇਨਕਾਰ





ਮੌਂਟ੍ਰੀਆਲ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਬਾਰਡਰ 'ਤੇ ਗੁਜਰਾਤ ਦੇ ਡਿੰਗੂਚਾ ਪਿੰਡ ਨਾਲ ਸਬੰਧਤ ਇੱਕ ਪਰਿਵਾਰ ਦੀ ਮੌਤ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਗੁਜਰਾਤੀ ਮੂਲ ਦੇ ਹਰਸ਼ ਪਟੇਲ ਉਰਫ਼ ਡਰਟੀ ਹੈਰੀ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। US ਪੁਲੀਸ ਨੇ ਹਰਸ਼ ਪਟੇਲ 'ਤੇ ਮਨੁੱਖੀ ਤਸਕਰੀ ਦੇ ਸੱਤ ਮਾਮਲਿਆਂ ਦੇ ਦੋਸ਼ ਲਗਾਏ ਹਨ। ਹਰਸ਼ ਨੂੰ ਫ਼ਰਵਰੀ ਮਹੀਨੇ ਹੀ ਸ਼ਿਕਾਗੋ ਦੇ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇੱਥੇ ਦੱਸ ਦੇਈਏ ਕਿ ਹਰਸ਼ ਨੇ ਗੁਜਰਾਤ ਨਾਲ ਸਬੰਧਤ ਜਗਦੀਸ਼ ਪਟੇਲ ਅਤੇ ਉਸ ਦੇ ਪਰਿਵਾਰ ਦੀ ਕੈਨੇਡਾ ਤੋਂ ਅਮਰੀਕਾ 'ਚ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਬਦਕਿਸਮਤੀ ਨਾਲ ਇਸ ਪਰਿਵਾਰ ਦੇ ਮੈਂਬਰਾਂ ਦੀ ਕੈਨੇਡੀਅਨ ਸਰਹੱਦ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਤੋਂ ਪਹਿਲਾਂ ਹੀ ਕੜਾਕੇ ਦੀ ਠੰਡ ਹੋਣ ਕਾਰਨ ਮੌਤ ਹੋ ਗਈ ਸੀ।ਜ਼ਿਕਰਯੋਗ ਹੈ ਕਿ ਜਗਦੀਸ਼ ਪਟੇਲ ਨੇ ਆਪਣੀ ਪਤਨੀ ਅਤੇ ਦੋ ਛੋਟੇ ਬੱਚਿਆਂ ਸਮੇਤ ਕੜਾਕੇ ਠੰਡ 'ਚ ਕੈਨੇਡਾ ਦੀ ਸਰਹੱਦ ਪਾਰ ਕਰ ਕੇ ਅਮਰੀਕਾ ਜਾਣਾ ਸੀ ਜਿੱਥੇ ਉਨ੍ਹਾਂ ਨੇ ਹਰਸ਼ ਪਟੇਲ ਦੇ ਇੱਕ ਸਾਥੀ ਨੂੰ ਮਿਲਣਾ ਸੀ, ਅਤੇ ਫ਼ਿਰ ਉਸ ਨੇ ਆਪਣੇ ਪਰਿਵਾਰ ਨੂੰ ਸ਼ਿਕਾਗੋ ਲੈ ਕੇ ਜਾਣਾ ਸੀ। ਜਿਸ ਵਿਅਕਤੀ ਨੂੰ ਹਰਸ਼ ਨੇ ਇਹ ਕੰਮ ਸੌਂਪਿਆ ਸੀ, ਉਸ ਨੂੰ ਪੁਲੀਸ ਨੇ ਫ਼ੜ ਲਿਆ ਸੀ, ਪਰ ਉਸ ਨੇ ਵੀ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਅਦਾਲਤ 'ਚ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ 'ਚ ਹਰਸ਼ ਪਟੇਲ ਦਾ ਕ੍ਰਾਈਮ ਪਾਰਟਨਰ ਫ਼ਿਲਹਾਲ ਜੇਲ੍ਹ ਤੋਂ ਬਾਹਰ ਹੈ, ਪਰ ਫ਼ਰਵਰੀ 'ਚ ਗ੍ਰਿਫ਼ਤਾਰ ਕੀਤਾ ਗਿਆ ਹਰਸ਼ ਪਟੇਲ ਜੇਲ੍ਹ 'ਚ ਨਜ਼ਰਬੰਦ ਹੈ।

ਹਰਸ਼ ਪਟੇਲ ਅਮਰੀਕਾ ਦੇ ਫ਼ਲੌਰੀਡਾ ਦੇ ਔਰੇਗਨ ਸਿਟੀ 'ਚ ਰਹਿੰਦਾ ਸੀ ਅਤੇ ਉਸ ਦਾ ਗੇਮਿੰਗ ਦਾ ਕਾਰੋਬਾਰ ਸੀ। ਹਰਸ਼ ਖ਼ਿਲਾਫ਼ ਦਾਇਰ ਅਦਾਲਤੀ ਦਸਤਾਵੇਜ਼ਾਂ 'ਚ ਹੋਮਲੈਂਡ ਸੈਕਿਓਰਿਟੀ ਵਿਭਾਗ ਨੇ ਦਾਅਵਾ ਕੀਤਾ ਕਿ ਹਰਸ਼ ਨੇ ਇੱਕ ਸਮੇਂ 'ਤੇ ਪੰਜ ਵਾਰ ਅਮਰੀਕਾ ਦਾ ਵੀਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਫ਼ਾਈਲ ਨੂੰ ਪੰਜ ਵਾਰ ਹੀ ਰੱਦ ਕਰ ਦਿੱਤਾ ਗਿਆ ਸੀ। ਅਮਰੀਕਾ ਆਉਣ ਤੋਂ ਅਸਮਰੱਥ ਹਰਸ਼ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਗਿਆ, ਅਤੇ ਉੱਥੋਂ ਸਰਹੱਦ ਪਾਰ ਕਰ ਕੇ ਉਹ ਅਮਰੀਕਾ ਆਇਆ। ਹੋਮਲੈਂਡ ਸੈਕਿਓਰਿਟੀ ਦਾ ਇਹ ਵੀ ਕਹਿਣਾ ਹੈ ਕਿ ਹਰਸ਼ ਗੁਜਰਾਤ ਤੋਂ ਕੰਮ ਕਰਨ ਵਾਲੇ ਕਈ ਏਜੰਟਾਂ ਨਾਲ ਵੀ ਜੁੜਿਆ ਹੋਇਆ ਸੀ ਜੋ ਆਪਣੇ ਯਾਤਰੀਆਂ ਨੂੰ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਭੇਜਦੇ ਸਨ, ਅਤੇ ਫ਼ਿਰ ਹਰਸ਼ ਉਨ੍ਹਾਂ ਨੂੰ ਸਰਹੱਦ ਪਾਰ ਕਰਵਾ ਕੇ ਸ਼ਿਕਾਗੋ ਅਮਰੀਕਾ ਲੈ ਆਉਂਦਾ ਸੀ।19 ਜਨਵਰੀ 2022 ਨੂੰ ਹਰਸ਼ ਦਾ ਇੱਕ ਸਾਥੀ ਸਟੀਵ ਸਰਹੱਦ ਪਾਰ ਕਰ ਰਹੇ ਲੋਕਾਂ ਨੂੰ ਲੈਣ ਲਈ 15 ਸੀਟਾਂ ਵਾਲੀ ਇੱਕ ਵੈਨ ਲੈ ਕੇ ਗਿਆ, ਪਰ ਮਿਨੇਸੋਟਾ ਰਾਜ 'ਚ ਡਿਊਟੀ 'ਤੇ ਬੌਰਡਰ ਪੈਟਰੋਲ ਏਜੰਟਾਂ ਨੇ ਉਸ ਨੂੰ ਰੋਕ ਲਿਆ। ਸਟੀਵ ਦੀ ਵੈਨ 'ਚ ਦੋ ਗੁਜਰਾਤੀ ਸਨ ਜੋ ਕੈਨੇਡਾ ਦੀ ਸਰਹੱਦ ਪਾਰ ਕਰ ਕੇ ਆਏ ਸਨ ਜਦ ਕਿ ਬਾਕੀ ਲੋਕ ਸਰਹੱਦ ਵੱਲ ਪੈਦਲ ਜਾ ਰਹੇ ਸਨ। ਗੁਜਰਾਤੀਆਂ ਦੇ ਸਮੂਹ ਨੇ ਪੁਲੀਸ ਨੂੰ ਦੱਸਿਆ ਕਿ ਉਹ ਮਾਈਨੱਸ 34 ਡਿਗਰੀ ਦੇ ਤਾਪਮਾਨ 'ਚ 11 ਘੰਟੇ ਚੱਲੇ ਜਿਸ 'ਚ ਡਿੰਗੁਚਾ ਦੇ ਵਾਸੀ ਜਗਦੀਸ਼ ਪਟੇਲ ਦੇ ਪੂਰੇ ਪਰਿਵਾਰ ਦੀ ਮੌਤ ਹੋ ਗਈ ਜਿਨ੍ਹਾਂ 'ਚ ਉਸ ਦੀ ਪਤਨੀ ਅਤੇ ਦੋ ਛੋਟੇ ਬੱਚੇ ਸ਼ਾਮਿਲ ਸਨ।

## ਅਲਬਰਟਾ ਦੇ ਬਜ਼ੁਰਗਾਂ ਨੂੰ ਰਜਿਸਟਰੀ ਸੇਵਾਵਾਂ ਵਿੱਚ 25 ਫੀਸਦੀ ਡਿਸਕਾਊਂਟ ਮਿਲੇਗਾ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਡੈਨੀਅਲ ਸਮਿਥ ਦੀ ਅਗਵਾਈ ਵਾਲੀ ਕੰਜਰਵੇਟਿਵ ਸਰਕਾਰ ਵੱਲੋਂ ਅਲਬਰਟਾ ਦੇ ਬਜ਼ੁਰਗਾਂ ਵਾਸਤੇ ਰਜਿਸਟਰੀ ਸੇਵਾਵਾਂ ਚ ਡਿਸਕਾਊਂਟ ਦੇਣ ਦਾ ਐਲਾਨ ਕੀਤਾ ਗਿਆ ਹੈ। ਪ੍ਰੀਮੀਅਰ ਡੈਨੀਅਲ ਸਮਿਥ ਅਤੇ ਸਰਵਿਸ ਅਲਬਰਟਾ ਅਤੇ ਰੈਡ ਟੇਪ ਰਿਡਕਸ਼ਨ ਮੰਤਰੀ ਡੇਲ ਨੈਲੀ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਅਲਬਰਟਾ ਦੇ 65 ਸਾਲ ਦੇ ਅਤੇ ਉਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਡਰਾਈਵਿੰਗ ਲਾਇਸੈਂਸ ਰੀਨਿਊ ਕਰਵਾਉਣ , ਗੱਡੀਆਂ ਦੀ ਰਜਿਸਟਰੇਸ਼ਨ ਸਟੈਂਡਰਡ ਲਾਈਸਸ ਪਲੇਟਾਂ, ਮੈਰਿਜ ਲਾਈਸੈਂਸ ਅਤੇ ਪਾਰਕਿੰਗ ਪਲੇਕਾਰਡ ਵਾਸਤੇ 25 ਫੀਸਦ ਦਾ ਡਿਸਕਾਊਂਟ ਦਿੱਤਾ ਜਾਵੇਗਾ ।ਇਹ ਡਿਸਕਾਊਂਟ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਇਆ ਹੈ। ਵਰਨਣ ਯੋਗ ਹੈ ਕਿ ਇਸ ਵਕਤ ਅਲਬਰਟਾ ਵਿੱਚ 7 ਲੱਖ ਤੋਂ ਜਿਆਦਾ ਲੋਕ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹਨ।

## ਐਨ ਡੀ ਪੀ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਨਾਹੀਦ ਨੈਂਸ਼ੀ ਦੇ ਹੱਕ ਵਿੱਚ ਐਡਮਿੰਟਨ ਦੀ ਐਮ ਐਲ ਏ ਰਾਖੀ ਪੰਚੋਲੀ ਨੇ ਰੇਸ ਤੋਂ ਬਾਹਰ ਹੋਣ ਦਾ ਐਲਾਨ ਕੀਤਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਐਨਡੀਪੀ ਲੀਡਰ ਰੇਚਲ ਨੋਟਲੀ ਵੱਲੋਂ ਅਹੁਦੇ ਤੋਂ ਅਸਤੀਫਾ ਦੇਣ ਉਪਰੰਤ ਸ਼ੁਰੂ ਹੋਈ ਲੀਡਰਸ਼ਿਪ ਦੀ ਰੇਸ ਵਿੱਚ ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੈਂਸ਼ੀ ਦੇ ਆਉਣ ਉਪਰੰਤ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਐਡਮਿੰਟਨ ਦੀ ਐਮਐਲਏ ਰਾਖੀ ਪੰਚੋਲੀ ਨੇ ਰੇਸ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ ਹੈ ਅਤੇ ਉਹਨਾਂ ਨੇ ਨਾਲ ਹੀ ਨਾਹੀਦ ਨੈਂਸ਼ੀ ਨੂੰ ਸਮਰਥਨ ਦੇ ਦਿੱਤਾ ਹੈ। ਜਾਰੀ ਕੀਤੇ ਬਿਆਨ ਵਿੱਚ ਰਾਖੀ ਪੰਚੋਲੀ ਨੇ ਆਖਿਆ ਕਿ ਜਦੋਂ ਤੋਂ ਨਾਹੀਦ ਨੈਂਸ਼ੀ ਨੇ ਲੀਡਰਸ਼ਿਪ ਦੀ ਦੌੜ ਵਿੱਚ ਪੈਰ ਰੱਖਿਆ ਹੈ ਤਾਂ ਅਲਬਰਟਾ ਐਨਡੀਪੀ ਦੀ ਮੈਂਬਰਸ਼ਿਪ ਦੁਗਣੇ ਤੋਂ ਵੀ ਜਿਆਦਾ ਹੋ ਗਈ ਹੈ। ਉਹਨਾਂ ਆਖਿਆ ਕਿ ਇਹ ਸਾਡੀ ਪਾਰਟੀ ਵਾਸਤੇ ਬੇਹਦ ਹੀ ਮਹੱਤਵਪੂਰਨ ਹੈ ਤੇ ਇਸ ਲਈ ਪਾਰਟੀ ਦਾ ਵਿਕਾਸ ਮੇਰੀ ਹਮੇਸ਼ਾ ਹੀ ਪ੍ਰਮੁੱਖਤਾ ਰਹੀ ਹੈ ਨਾ ਕਿ ਪਾਰਟੀ ਦੇ ਅੰਦਰ ਦੂਜਿਆਂ ਦੇ ਨਾਲ ਮੁਕਾਬਲਾ ਕਰਨਾ ਹੈ।












# ਵਿਜੇ ਨਾਇਰ ਕਰਦਾ ਸੀ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੂੰ ਰਿਪੋਰਟ - ਕੇਜਰੀਵਾਲ



ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ)– ਦਿੱਲੀ ਦੇ ਸ਼ਰਾਬ ਘਪਲਾ ਮਾਮਲੇ ’ਚ ਗ੍ਰਿਫ਼ਤਾਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 14 ਅਪ੍ਰੈਲ ਤਕ ਤਿਹਾੜ ਜੇਲ੍ਹ ’ਚ ਰਹਿਣਗੇ। ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ ਉਨ੍ਹਾਂ ਨੂੰ 15 ਦਿਨਾਂ ਦੀ ਨਿਆਂਇੱਕ ਹਿਰਾਸਤ ’ਚ ਭੇਜ ਦਿੱਤਾ ਹੈ। ਉਸ ਤੋਂ ਪਹਿਲਾਂ 10 ਦਿਨਾਂ ਤਕ ਕੇਜਰੀਵਾਲ ਦੀ ਹਿਰਾਸਤ ’ਚ ਸਨ।

ਸੋਮਵਾਰ ਨੂੰ ਉਨ੍ਹਾਂ ਦੀ ਰਿਮਾਂਡ ਖ਼ਤਮ ਹੋ ਗਿਆ ਸੀ। ਉਨ੍ਹਾਂ ਨੂੰ ਜਦੋਂ ਕੋਰਟ ’ਚ ਪੇਸ਼ ਕੀਤਾ ਗਿਆ ਤਾਂ ਈਡੀ ਵਲੋਂ ਐਡੀਸ਼ਨਲ ਸੋਲੀਸੀਟਰ ਜਨਰਲ ਐੱਸ. ਵੀ. ਰਾਜੂ ਨੇ ਕਿਹਾ ਕਿ ਕੇਜਰੀਵਾਲ ਜਾਂਚ ’ਚ ਸਹਿਯੋਗ ਨਹੀਂ ਕਰ ਰਹੇ। ਇਸ ਦੌਰਾਨ ਈਡੀ ਨੇ ਦਾਅਵਾ ਕੀਤਾ ਕਿ ਪੁੱਛਗਿੱਛ ਦੌਰਾਨ ਕੇਜਰੀਵਾਲ ਨੇ ਦੱਸਿਆ ਹੈ ਕਿ ਵਿਜੇ ਨਾਇਰ ਉਨ੍ਹਾਂ ਨੂੰ ਨਹੀਂ ਸਗੋਂ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੂੰ ਰਿਪੋਰਟ ਕਰਦਾ ਸੀ। ਈਡੀ ਨੇ ਜਦੋਂ ਇਹ ਗੱਲ ਅਦਾਲਤ ਨੂੰ ਦੱਸੀ ਤਾਂ ਕੇਜਰੀਵਾਲ ਨੇ ਇਸ ਗੱਲ ਦਾ ਖੰਡਨ ਵੀ ਨਹੀਂ ਕੀਤਾ। ਇਹ ਪਹਿਲੀ ਵਾਰ ਹੈ ਜਦੋਂ ਅਦਾਲਤ ’ਚ ਇਸ ਮਾਮਲੇ ’ਚ ਦੋ ਮੰਤਰੀਆਂ ਦਾ ਨਾਂ ਲਿਆ ਗਿਆ ਹੈ।ਮੰਨਿਆ ਜਾ ਰਿਹਾ ਹੈ ਕਿ ਹੁਣ ਸ਼ਰਾਬ ਘਪਲਾ ਘਪਲੇ ’ਚ ਆਤਿਸ਼ੀ ਅਤੇ ਸੌਰਭ ਭਾਰਦਵਾਜ ਵੀ ਫ਼ਸ ਸਕਦੇ ਹਨ। ਹੁਣ ਤਕ ਇਸ ਘਪਲੇ ’ਚ ਇਨ੍ਹਾਂ ਦੇ ਨਾਂ ਨਹੀਂ ਆਏ ਸਨ। ਇਹ ਵਿਜੇ ਨਾਇਰ ਉਨ੍ਹਾਂ ਲੋਕਾਂ ’ਚ ਹੈ ਜਿਨ੍ਹਾਂ ਦੀ ਸ਼ਰਾਬ ਘਪਲੇ ’ਚ ਸਭ ਤੋਂ ਪਹਿਲਾਂ ਗ੍ਰਿਫ਼ਤਾਰੀ ਹੋਈ ਸੀ। ਵਿਜੇ ਨਾਇਰ ਨੂੰ ਮਨੀਸ਼ ਸਿਸੋਦੀਆ ਦਾ ਕਰੀਬੀ ਦੱਸਿਆ ਸੀ।ਵਿਜੇ ਨਾਇਰ ਕੁਝ ਸਾਲਾਂ ਤਕ ਆਮ ਆਦਮੀ ਪਾਰਟੀ ਦੇ ਕਮਿਊਨੀਕੇਸ਼ਨ ਇੰਚਾਰਜ ਰਿਹਾ ਹੈ। ਉਹ ਐਂਟਰਟੇਨਮੈਂਟ ਜਗਤ ਦਾ ਇੱਕ ਮੰਨਿਆ-ਪ੍ਰਮੰਨਿਆ ਨਾਂ ਹੈ। ਨਿਊਜ਼ ਏਜੰਸੀ ਮੁਤਾਬਿਕ, ਨਾਇਰ ਨੇ ਇੰਡੀ ਬੈਂਡਜ਼ ਲਈ ਮੈਨੇਜਮੈਂਟ ਕੰਪਨੀ ਓਐਮਐਲ ਸ਼ੁਰੂ ਕੀਤੀ ਸੀ। ਬਾਅਦ ’ਚ ਉਸ ਨੇ ਸਟੈਂਡਅਪ ਕੌਮੇਡੀ ਅਤੇ ਲਾਈਵ ਮਿਊਜ਼ਿਕ ਸ਼ੋਅ ’ਤੇ ਫ਼ੋਕੱਸ ਕੀਤਾ। ਓਐਮਐਲਜਾਂ ਓਨਲੀ ਮਚ ਲਾਊਡਰ, ਇੱਕ ਐਂਟਰਟੇਮੈਂਟ ਮੀਡੀਆ ਕੰਪਨੀ ਹੈ, ਵਿਜੇ ਨਾਇਰ ਜਿਸ ਦਾ CEO ਅਤੇ ਡਾਇਰੈਕਟਰ ਵੀ ਰਿਹਾ ਹੈ।

ਓਨਲੀ ਮਚ ਲਾਊਡਰ ਤੋਂ ਇਲਾਵਾ ਵਿਜੇ ਨਾਇਰ ਹੋਰ ਵੀ ਕਈ ਕੰਪਨੀਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ’ਚ ਬੇਬਲਫ਼ਿਸ਼ ਅਤੇ ਮਦਰਜ਼ਵੇਅਰ ਵਰਗੀਆਂ ਕੰਪਨੀਆਂ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਉਹ ਵੀਅਰਡਐੱਸਟ ਕੌਮੇਡੀ, ਮੋਟਰਮਾਊਥ ਰੌਇਟਰਜ਼ ਅਤੇ ਰਬੈਲੀਅਨ ਮੈਨੇਜਮੈਂਟ ਵਰਗੀਆਂ ਔਨਲਾਈਨ ਗੇਮਿੰਗ, ਸੱਟੇਬਾਜ਼ੀ ਅਤੇ ਕੌਮੇਡੀ ਸ਼ੋਅ ਕੰਪਨੀਆਂ ਨਾਲ ਵੀ ਜੁੜਿਆ ਰਿਹਾ ਹੈ।

ਇੱਕਨੌਮਿਕ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ, 2014 ਤਕ ਵਿਜੇ ਨਾਇਰ ਨੇ ਲਗਭਗ 10 ਮਿਲੀਅਨ ਡਾਲਰ ਦੇ ਸਾਮਰਾਜ ਨੂੰ ਕੰਟਰੋਲ ਕੀਤਾ ਸੀ। ਨਾਇਰ ਫ਼ਾਰਚੂਨ ਇੰਡੀਆ ਦੀ 40 ਅੰਡਰ 40 ਸੂਚੀ ’ਚ ਵੀ ਆ ਚੁੱਕਾ ਹੈ।

# ਲੁਧਿਆਣਾ ’ਚ ਬਿੱਟੂ ਤੇ ਆਸ਼ੂ ਹੋ ਸਕਦੇ ਨੇ ਆਹਮੋ-ਸਾਹਮਣੇ



ਲੁਧਿਆਣਾ (ਪੰਜਾਬੀ ਅਖ਼ਬਾਰ ਬਿਊਰੋ)–: ਲੁਧਿਆਣਾ ਲੋਕ ਸਭਾ ਹਲਕੇ ਤੋਂ ਮੌਜੂਦਾ ਕਾਂਗਰਸ ਦੇ MP ਰਵਨੀਤ ਸਿੰਘ ਬਿੱਟੂ ਵਲੋਂ ਕਾਂਗਰਸ ਨੂੰ ਦਿਨੇ ਦਿਖਾਏ ਭੱਬੂ ਕਾਰਨ ਕਾਂਗਰਸ ਨੂੰ ਅਲਵਿਦਾ ਆਖਣ ’ਤੇ ਹੁਣ ਇਸ ਸੀਟ ’ਤੇ ਕਾਂਗਰਸ ਵੱਲੋਂ ਅੰਦਰੂਨੀ ਤੌਰ ’ਤੇ ਜੋ ਕਾਫ਼ੀ ਦਿਨਾਂ ਤੋਂ ਸਰਵੇ ਚੱਲ ਰਿਹਾ ਹੈ, ਉਸ ਦੀ ਰਿਪੋਰਟ ਦੀ ਹੁਣ ਚਰਚਾ ਕਾਂਗਰਸੀ ਹਲਕਿਆਂ ’ਚ ਹੋਣੀ ਸ਼ੁਰੂ ਹੋ ਗਈ ਹੈ। ਉਸ ’ਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂ ਬੋਲ ਰਿਹਾ ਹੈ ਜਦ ਕਿ ਸਰਵੇ ਕਰਨ ਵਾਲੀਆਂ ਟੀਮਾਂ ਨੇ ਮੁਨੀਸ਼ ਤਿਵਾੜੀ, ਭਾਰਤ ਭੂਸ਼ਣ ਆਸ਼ੂ ਅਤੇ ਸੰਜੇ ਤਲਵਾੜ ਆਦਿ ਦਾ ਨਾਂ ਵੋਟਰਾਂ ਤੋਂ ਪੁੱਛਿਆ ਤਾਂ ਸਭ ਤੋਂ ਵੱਧ ਨਾਂ ਆਸ਼ੂ ਦਾ ਆਉਣ ਦੀਆਂ ਖ਼ਬਰਾਂ ਸਾਹਮਣੇ ਆਉਣ ’ਤੇ ਹੁਣ ਇੰਝ ਲੱਗ ਰਿਹਾ ਹੈ ਕਿ ਕਾਂਗਰਸ ਕਿਸੇ ਸਥਾਨਕ ਨੇਤਾ ’ਤੇ ਪੱਤਾ ਖੇਡੇਗੀ ਜੋ ਆਸ਼ੂ ਵੀ ਹੋ ਸਕਦਾ ਹੈ।

ਇਸੇ ਤਰ੍ਹਾਂ ਲੁਧਿਆਣਾ ਲੋਕ ਸਭਾ ਸੀਟ ਸਬੰਧੀ ਕੁਝ ਦਿਨ ਪਹਿਲਾਂ ਕਾਂਗਰਸ ’ਚ ਮੁੜ ਸ਼ਾਮਿਲ ਹੋਏ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਦੇ ਨਾਂ ਦੀ ਚਰਚਾ ਵੀ ਸਾਹਮਣੇ ਆਈ ਹੈ ਕਿਉਂਕਿ ਉਹ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਅਤੇ ਦੋ ਵਾਰ ਲੁਧਿਆਣਾ ਦਿਹਾਤੀ ਤੋਂ ਵਿਧਾਇੱਕ ਬਣੇ ਕੇ ਮੰਤਰੀ ਵੀ ਰਹਿ ਚੁੱਕੇ ਹਨ। ਅੱਜਕਲ੍ਹ ਇਹ ਹਲਕਾ ਤਿੰਨ ਹਲਕਿਆਂ ’ਚ ਬਦਲ ਗਿਆ ਹੈ ਜਿਵੇਂ ਕਿ ਦੱਖਣੀ, ਪੂਰਬੀ ਅਤੇ ਆਤਮ ਨਗਰ, ਜਦ ਕਿ ਅੱਧ ਦੇ ਕਰੀਬ ਹਲਕਾ ਗਿੱਲ ਹਲਕੇ ਨਾਲ ਜਾ ਰਲਿਆ ਹੈ। ਬਾਕੀ ਬੀਰਮੀ ਦਾ ਹਲਕਾ ਦਾਖੇ ’ਚ ਜੱਦੀ ਪਿੰਡ ਪੈਣਾ ਅਤੇ ਜਗਰਾਓਂ ਅਤੇ ਦਾਖਾ ਹਲਕੇ ’ਚ ਉਨ੍ਹਾਂ ਦੀ ਕਾਂਗਰਸੀਆਂ ਨਾਲ ਪੁਰਾਣੀ ਸਾਂਝ ਕਿਸੇ ਤੋਂ ਲੁਕੀ ਨਹੀਂ। ਉਹ ਵੀ ਟਿਕਟ ਦੀ ਦੌੜ ’ਚ ਸ਼ਾਮਿਲ ਦੱਸੇ ਜਾ ਰਹੇ ਹਨ।

# ਗੁੰਮਨਾਮ ਹੋ ਕੇ ਰਹਿ ਗਈਆਂ ਕਈ ਨਾਮੀ ਹਸਤੀਆਂ



ਜਲੰਧਰ (ਪੰਜਾਬੀ ਅਖ਼ਬਾਰ ਬਿਊਰੋ)–: ਸਿਆਸਤ ’ਚ ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ, ਹਰ ਕੋਈ ਆਪਣੇ ਫ਼ਾਇਦੇ ਅਤੇ ਸਹੂਲਤ ਨੂੰ ਦੇਖ ਕੇ ਹੀ ਫ਼ੈਸਲੇ ਲੈਂਦਾ ਹੈ। ਦੇਸ਼ ’ਚ ਇੰਨ੍ਹੀਂ ਦਿਨ੍ਹੀਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸਿਖਰਾਂ ’ਤੇ ਹਨ, ਉੱਥੇ ਨਾਲ ਹੀ ਦਲ-ਬਦਲੂਆਂ ਦਾ ਦੌਰ ਵੀ ਜਾਰੀ ਹੈ। ਪਾਰਟੀਆਂ ਵਲੋਂ ਜਿੱਤ ਹਾਸਲ ਕਰਨ ਲਈ ਕਈ ਤਰ੍ਹਾਂ ਦੇ ਜੋੜ-ਤੋੜ ਕੀਤੇ ਜਾ ਰਹੇ ਹਨ।

ਬਹੁਤ ਸਾਰੇ ਲੀਡਰ ਤਾਂ ਅਜਿਹੇ ਹਨ, ਜਿਹੜੇ ਪਾਰਟੀ ਬਦਲਣ ਕਾਰਨ ਫ਼ਾਇਦੇ ’ਚ ਰਹੇ ਤੇ ਉਨ੍ਹਾਂ ਨੂੰ ਉੱਚੇ ਅਹੁਦੇ ਵੀ ਮਿੱਲ ਗਏ। ਉੱਥੇ ਹੀ ਪੰਜਾਬ ਦੀ ਸਿਆਸਤ ’ਚ ਕੁਝ ਅਜਿਹੇ ਨਾਂ ਵੀ ਹਨ ਜਿਹੜੇ ਉਂਝ ਤਾਂ ਕਾਫ਼ੀ ਮਸ਼ਹੂਰ ਸੀ, ਪਰ ਪਾਰਟੀਆਂ ਬਦਲਣ ਮਗਰੋਂ ਸਿਆਸਤ ’ਚੋਂ ਗੁੰਮਨਾਮ ਹੋ ਕੇ ਰਹਿ ਗਏ। ਆਓ ਅੱਜ ਅਜਿਹੇ ਹੀ ਕੁਝ ਮਸ਼ਹੂਰ ਨਾਵਾਂ ’ਤੇ ਇੱਕ ਝਾਤ ਮਾਰਦੇ ਹਾਂ:

**ਨਵਜੋਤ ਸਿੰਘ ਸਿੱਧੂ:** ਕ੍ਰਿਕਟ ਨੂੰ ਅਲਵਿਦਾ ਕਹਿ ਕੇ ਸਿਆਸਤ ਦੀ ਦੁਨੀਆਂ ’ਚ ਕਦਮ ਰੱਖਣ ਵਾਲੇ ਨਵਜੋਤ ਸਿੰਘ ਸਿੱਧੂ ਆਪਣੇ ਧਾਕੜ ਭਾਸ਼ਣਾਂ ਅਤੇ ਬਿਆਨਾਂ ਲਈ ਅਕਸਰ ਹੀ ਸੁਰਖ਼ੀਆਂ ’ਚ ਬਣੇ ਰਹਿੰਦੇ ਸਨ, ਪਰ ਇਸ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਉਨ੍ਹਾਂ ਨੇ ਕ੍ਰਿਕਟ ਕੌਮੈਂਟਰੀ ’ਚ ਵਾਪਸੀ ਕਰਨ ਦਾ ਫ਼ੈਸਲਾ ਲਿਆ। ਇਸ ਵੇਲੇ ਉਹ IPL ’ਚ ਕੌਮੈਂਟਰੀ ਕਰ ਰਹੇ ਹਨ। ਸਿੱਧੂ ਸਿਆਸਤ ਦੀ ਸ਼ੁਰੂਆਤ ’ਚ ਤਾਂ ਕਾਫ਼ੀ ਸਫ਼ਲ ਰਹੇ ਅਤੇ ਉਨ੍ਹਾਂ ਨੇ ਕਾਂਗਰਸ ਦੇ ਸੀਨੀਅਰ ਲੀਡਰ ਰਘੂਨੰਦਨ ਲਾਲ ਭਾਟੀਆ ਨੂੰ ਵੀ ਹਰਾਇਆ। ਸਾਲ 2014 ਤਕ ਉਹ ਭਾਜਪਾ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ’ਚ ਸਭ ਤੋਂ ਪਹਿਲਾਂ ਸ਼ਾਮਿਲ ਕੀਤੇ ਜਾਂਦੇ ਰਹੇ। ਫ਼ਿਰ ਉਹ ਕਾਂਗਰਸ ’ਚ ਆ ਗਏ ਅਤੇ ਕੈਬਨਿਟ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਜਿਹੇ ਅਹੁਦਿਆਂ ਨਾਲ ਵੀ ਨਵਾਜ਼ੇ ਗਏ, ਪਰ ਹੁਣ ਪਾਰਟੀ ਦੇ ਹੀ ਲੀਡਰਾਂ ਨਾਲ ਖਿੱਚੋਤਾਣ ਕਾਰਨ ਉਨ੍ਹਾਂ ਨੇ ਸਿਆਸਤ ’ਚ ਸਰਗਰਮੀ ਤੋਂ ਦੂਰੀ ਬਣਾ ਲਈ ਹੈ।

**ਮਨਪ੍ਰੀਤ ਬਾਦਲ:** ਮਨਪ੍ਰੀਤ ਬਾਦਲ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵੱਡਾ ਨਾਂ ਸੀ। ਪਾਰਟੀ ਨੇ ਉਨ੍ਹਾਂ ਨੂੰ ਵਿੱਤ ਮੰਤਰੀ ਵੀ ਬਣਾਇਆ, ਪਰ ਮੁੱਖ ਮੰਤਰੀ ਬਣਨ ਦੇ ਲਾਲਚ ਨੇ ਉਨ੍ਹਾਂ ਦੀ ਗੱਡੀ ਨੂੰ ਲੀਹੋਂ ਲਾਹ ਦਿੱਤਾ। ਉਨ੍ਹਾਂ ਨੇ ਪਹਿਲਾਂ ਆਪਣੀ ਪਾਰਟੀ ਪੀਪਲਜ਼ ਪਾਰਟੀ ਔਫ਼ ਪੰਜਾਬ ਬਣਾਈ। ਇਸ ਮਗਰੋਂ ਉਹ ਕਾਂਗਰਸ ’ਚ ਚਲੇ ਗਏ ਤੇ ਉੱਥੇ ਵੀ ਸਰਕਾਰ ਬਣਨ ’ਤੇ ਉਨ੍ਹਾਂ ਨੂੰ ਵਿੱਤ ਮੰਤਰੀ ਬਣਾਇਆ ਗਿਆ। ਹੁਣ ਉਹ ਕਾਂਗਰਸ ਛੱਡ ਕੇ ਭਾਜਪਾ ’ਚ ਸ਼ਾਮਿਲ ਹੋ ਗਏ, ਪਰ ਫ਼ਿਲਹਾਲ ਸਿਆਸੀ ਗਲਿਆਰਿਆਂ ’ਚੋਂ ਉਨ੍ਹਾਂ ਦਾ ਨਾਂ ਗਾਇਬ ਹੈ। ਹਾਲ ਹੀ ’ਚ ਮਨਪ੍ਰੀਤ ਦੀ ਸਿਹਤ ਨੂੰ ਲੈ ਕੇ ਵੀ ਚਿੰਤਾ ਜਤਾਈ ਗਈ ਸੀ।

**ਬੀਰ ਦਵਿੰਦਰ ਸਿੰਘ:** ਪਾਰਟੀਆਂ ਬਦਲਣ ਨੂੰ ਲੈ ਕੇ ਸਵ. ਬੀਰ ਦਵਿੰਦਰ ਸਿੰਘ ਦਾ ਇੱਕ ਕਿੱਸਾ ਕਾਫ਼ੀ ਮਸ਼ਹੂਰ ਹੈ। ਦਰਅਸਲ, ਉਸ ਵੇਲੇ ਬੀਰ ਦਵਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਬਸਪਾ, PPP ਅਤੇ ਆਮ ਆਦਮੀ ਪਾਰਟੀ ਦੇ ਸੰਪਕ ’ਚ ਸਨ। ਇੱਕ ਦਿਨ ਉਨ੍ਹਾਂ ਦੀ ਨੂੰਹ ਨੇ ਘਰ ਦੀ ਸਫ਼ਾਈ ਕਰਦਿਆਂ ਸਟੋਰ ’ਚੋਂ ਅਕਾਲੀ ਦਲ, ਬਸਪਾ, ਕਾਂਗਰਸ ਅਤੇ PPP ਦੇ ਝੰਡੇ ਅਤੇ ਹੋਰ ਚੀਜ਼ਾਂ ਕੱਢੀਆਂ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਕਿਸ ਪਾਰਟੀ ਦਾ ਸਾਮਾਨ ਰੱਖਣਾ ਹੈ। ਉਨ੍ਹਾਂ ਨੇ ਹੱਸਦਿਆਂ ਹੋਇਆਂ ਕਿਹਾ ਕਿ ਅਜੇ ਸਾਰਾ ਕੁਝ ਪਿਆ ਰਹਿਣ ਦਿਓ, ਕੀ ਪਤਾ ਕਿਸ ਪਾਰਟੀ ’ਚ ਦਾਅ ਲੱਗ ਜਾਵੇ। ਸੰਸਦੀ ਮਾਮਲਿਆਂ ਦੇ ਚੰਗੇ ਜਾਣਕਾਰ ਹੋਣ ਦੇ ਨਾਲ-ਨਾਲ ਇੱਕ ਚੰਗੇ ਬੁਲਾਰੇ ਵੀ ਸਨ, ਪਰ ਉਹ ਕਦੀ ਵੀ ਕਿਸੇ ਉੱਚੇ ਸਿਆਸੀ ਅਹੁਦੇ ’ਤੇ ਨਹੀਂ ਪਹੁੰਚ ਸਕੇ। ਇੱਕ ਤੋਂ ਬਾਅਦ ਇੱਕ ਪਾਰਟੀ ਬਦਲਣ ਦੇ ਬਾਵਜੂਦ ਉਹ ਕੋਈ ਉੱਚਾ ਅਹੁਦਾ ਹਾਸਿਲ ਕਰਨ ’ਚ ਸਫ਼ਲ ਨਹੀਂ ਹੋ ਸਕੇ।

**ਜਗਮੀਤ ਬਰਾੜ:** ਜਗਮੀਤ ਬਰਾੜ ਨੂੰ ਆਵਾਜ਼-ਏ-ਕੌਮ ਦੇ ਨਾਂ ਨਾਲ ਜਾਣਿਆ ਜਾਂਦਾ ਰਿਹਾ ਹੈ। ਸਾਲ 1992 ’ਚ ਜਦੋਂ ਉਹ ਸੰਸਦ ’ਚ ਪਹੁੰਚੇ ਅਤੇ ਆਪਣਾ ਪਹਿਲਾ ਭਾਸ਼ਣ ਦਿੱਤਾ ਤਾਂ ਉਸ ’ਚ ਉਨ੍ਹਾਂ ਨੇ ਪੰਜਾਬ ਦੀਆਂ ਸਮੱਸਿਆਵਾਂ ਦੱਸੀਆਂ। ਉਨ੍ਹਾਂ ਦਾ ਭਾਸ਼ਣ ਸੁਣ ਕੇ ਭਾਜਪਾ ਦੇ ਸੀਨੀਅਰ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਕਾਫ਼ੀ ਪ੍ਰਭਾਵਿਤ ਹੋਏ ਸਨ ਅਤੇ ਆਪਣੀ ਸੀਟ ਤੋਂ ਉੱਠ ਕੇ ਉਨ੍ਹਾਂ ਨੂੰ ਵਧਾਈ ਦੇਣ ਗਏ। ਜਗਮੀਤ ਬਰਾੜ ਕਾਂਗਰਸ ਤੋਂ ਕਾਂਗਰਸ (ਤਿਵਾੜੀ), ਫ਼ਿਰ ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ’ਚ ਗਏ। ਉਨ੍ਹਾਂ ਦੇ ਕੱਦ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ 1999 ਦੀਆਂ ਲੋਕ ਸਭਾ ਚੋਣਾਂ ’ਚ ਸੁਖਬੀਰ ਬਾਦਲ ਨੂੰ ਵੀ ਹਰਾ ਦਿੱਤਾ, ਪਰ ਉਸ ਮਗਰੋਂ ਉਨ੍ਹਾਂ ਨੇ ਆਪਣੀ ਸਿਆਸੀ ਜ਼ਮੀਨ ਇਸ ਤਰ੍ਹਾਂ ਗਵਾਈ, ਜੋ ਅੱਜ ਤਕ ਵੀ ਤਲਾਸ਼ ਰਹੇ ਹਨ।

# ਆਦਮਪੁਰ ਤੋਂ ਨਾਂਦੇੜ ਸਾਹਿਬ ਦੇ ਲਈ ਉਡਾਣ ਸ਼ੁਰੂ




ਆਦਮਪੁਰ (ਪੰਜਾਬੀ ਅਖ਼ਬਾਰ ਬਿਊਰੋ)– ਆਦਮਪੁਰ ਹਵਾਈ ਅੱਡੇ ਤੋਂ ਉਡਾਣ ਸੇਵਾ ਸ਼ੁਰੂ ਹੋ ਗਈ ਹੈ ਅਤੇ ਤਕਰੀਬਨ ਚਾਰ ਸਾਲਾਂ ਬਾਅਦ ਲੰਘੇ ਸੋਮਵਾਰ ਦੁਪਹਿਰ 1.30 ਵਜੇ ਆਦਮਪੁਰ ਤੋਂ ਨਾਂਦੇੜ ਸਾਹਿਬ ਲਈ ਜਹਾਜ਼ ਨੇ ਪਹਿਲੀ ਉਡਾਣ ਭਰੀ। ਇਸ ਦਾ ਪਹਿਲਾ ਸਟੌਪ ਹਿੰਡਨ ਏਅਰਪੋਰਟ ’ਤੇ ਰੱਖਿਆ ਗਿਆ ਹੈ। ਉੱਥੋਂ ਉਕਤ ਫ਼ਲਾਈਟ ਨਾਂਦੇੜ ਸਾਹਿਬ ਲਈ ਰਵਾਨਾ ਹੋਵੇਗੀ। ਦੋਆਬਾ ਪ੍ਰਵਾਸੀ ਭਾਰਤੀਆਂ ਦਾ ਹੱਬ ਮੰਨਿਆ ਜਾਂਦਾ ਹੈ ਅਤੇ ਇਸ ਲਈ ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣ ਨਾਲ ਉਨ੍ਹਾਂ ਨੂੰ ਕਾਫ਼ੀ ਫ਼ਾਇਦਾ ਮਿਲੇਗਾ।

ਹੁਣ ਲੋਕਾਂ ਨੂੰ ਦਿੱਲੀ ਜਾਣ ਲਈ ਨੌਂ ਘੰਟੇ ਦਾ ਸਫ਼ਰ ਨਹੀਂ ਕਰਨਾ ਪਵੇਗਾ। ਉਪਰੋਕਤ ਰੂਟ ਫ਼ਲਾਈਟ ਰਾਹੀਂ ਇਹ ਸਫ਼ਰ ਸਿਰਫ਼ ਇੱਕ ਘੰਟੇ ’ਚ ਪੂਰਾ ਹੋਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਇਕੌਨਮੀ ਕਲਾਸ ਦਾ ਕਿਰਾਇਆ ਟੈਕਸ ਸਮੇਤ 2,300 ਰੁਪਏ ਦੇ ਕਰੀਬ ਹੈ। ਕੇਂਦਰ ਸਰਕਾਰ ਵਲੋਂ ਤਕਰੀਬਨ ਦੋ ਹਫ਼ਤੇ ਪਹਿਲਾਂ ਆਦਮਪੁਰ ਹਵਾਈ ਅੱਡੇ ’ਤੇ ਸਟਾਫ਼ ਦੀ ਨਿਯੁਕਤੀ ਕੀਤੀ ਗਈ ਸੀ ਜਿਸ ਤੋਂ ਬਾਅਦ ਉਡਾਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ।ਇਸ ਹਵਾਈ ਅੱਡੇ ਤੋਂ ਹਿੰਡਨ, ਸ੍ਰੀ ਨਾਂਦੇੜ ਸਾਹਿਬ, ਬੈਂਗਲੂਰੂ, ਕੋਲਕਾਤਾ ਅਤੇ ਗੋਆ ਲਈ ਉਡਾਣਾਂ ਦੇ ਰੂਟ ਅਲੌਟ ਕੀਤੇ ਗਏ ਹਨ। ਇਸ ਤੋਂ ਪਹਿਲਾਂ ਆਦਮਪੁਰ ਹਵਾਈ ਅੱਡੇ ਨੂੰ 2 ਮਾਰਚ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰੋਗਰਾਮ ਤੋਂ ਬਾਅਦ ਖੋਲ੍ਹਿਆ ਗਿਆ ਸੀ। ਮੋਦੀ ਨੇ ਭਾਰਤ ’ਚ ਕਈ ਹਵਾਈ ਅੱਡਿਆਂ ਦਾ ਉਦਘਾਟਨ ਕੀਤਾ ਸੀ ਜਿਸ ’ਚ ਆਦਮਪੁਰ ਏਅਰਪੋਰਟ ਵੀ ਸ਼ਾਮਿਲ ਸੀ। ਜਲੰਧਰ ਤੋਂ ਸਾਬਕਾ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਇਸ ਸਬੰਧੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿਤਿਆ ਸਿੰਧੀਆ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਨੂੰ ਜਲੰਧਰ ਵਾਸੀਆਂ ਦੀ ਸਹੂਲਤ ਲਈ ਇੱਕ ਪੱਤਰ ਵੀ ਸੌਂਪਿਆ ਗਿਆ ਜਿਸ ਤੋਂ ਬਾਅਦ ਉਨ੍ਹਾਂ ਇਹ ਵੀ ਮੰਗ ਕੀਤੀ ਸੀ ਕਿ ਉਕਤ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਂ ’ਤੇ ਰੱਖਿਆ ਜਾਵੇ। ਰਿੰਕੂ ਦੀ ਮੀਟਿੰਗ ਤੋਂ ਬਾਅਦ ਉਕਤ ਹਵਾਈ ਅੱਡੇ ਨੂੰ ਚਾਲੂ ਕਰਨ ਦੇ ਆਦੇਸ਼ ਦਿੱਤੇ ਗਏ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ ’ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੇਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com




JASRAJ SINGH HALLAN
Member of Parliament
Calgary Forest Lawn, Alberta

**Constituency Office**
Main Office - Calgary
525 - 28th Street SE, Suite 225, Calgary, Alberta T2A 6W9
Telephone: 403-207-3030 Fax: 403-207-3035

HOUSE OF COMMONS
CHAMBRE DES COMMUNES
CANADA



Advice from someone you trust.
Sun Life
Life's brighter under the sun

**Life & Health Insurance • Critical Illness Insurance • Disability Insurance**
**Employee Benefits • RESP • TFSA• RRSP • Mutual Funds**



**Harvinder Singh***
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

**NEW WAVE OPTICAL**
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
Unbeatable Price!
All Type of Frames!
"Online" prices in store!
Complete Eyewear, Contact lenses and Sunglasses!
For more info call:
**Sandeep Pandher**
MANAGER
at **403-999-2500**



**CHANDIGARH DRIVING SCHOOL**
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
**RAVINDER SINGH SOHI**
STOP
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



**ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ**



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

**ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ**
ਕਾਲ ਕਰੋ:
**1 250 319 7263**


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235
ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega
Sanjha Punjab
5 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570- 6520 FALCONRIDGE BLVD. NE, CALGARY
606 CITYSCAPE SQR NE, CALGARY
3150 - 235 RED EMBERS WAY NE, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
Chestermere
#101-288 Kinniburgh Blvd
403.292.0000 EXT. 6
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com